Puran Singh seems to contradict Mahatma Gandhi: There is no such thing as Swa-raj, self-government: we are always governed best by a noble man, not by ourselves if we are not so noble. The rest are mere words, votes, democracy.

Walt Whitman and Puran Singh both stress the role of comradeship in making the democracy a success. Comradeship counterbalances the materialistic side of democracy and spiritualizes it, without it, democracy will be incomplete, in vain, and incapable of perpetuating itself. Puran Singh writes in a similar strain: The bread affairs engross all political activity of man, and the true progress of man is to make it so simple as the provision of sunlight by the sun. The state needs to be organised on the rich love of man to man. Work makes us spiritual. The selfishness of man cannot be got rid of by small men like Lenin and Trotsky.

Democracy, the dream of modern civilistion was established in this part of Asia in the exact modern sense in the realization of the spirit of Man. And the mortal fallacies which poison the human thought among the Soviets, were avoided by the Khalsa. The Khalsa made democracy its daily practice, driven by the inner feeling that is reborn of the spirit of the Guru, that all men are brothers. Democracy is not conceived as a social system, but as a true inner spirit-born feeling. Democracy is the moral feeling that naturally wells up in the Informed Ones.

The humblest brick-lifter has equal rights of joy and life with the king. A labourer who feels richer than a king and a king who feels poorer than a labourer - this is democracy of the spirit. The alternations of the outer conditions of life, even political resolutions cannot secure the equal distribution of land and wealth and labour; they cannot transmute human nature. Unless the change be wrought within, the volcanoes will burst forth again, and the lava shall flow as before, and all our leveling of conditions will be in vain. The Guru visualized this and leaving the outer surfaces of human nature untouched, changed the inner springs of action.

Guru Gobind Singh was neither a Caesar nor an Aurangzeb. He was the true king of the people and a comrade of the people. In the truest representative spirit, Guru Gobind Singh founded the true democracy of the people in which there were no dead votes or votes won by mental persuation or interested coercion. Democracy was a feeling in the bosom of the Khalsa and it gave an organic cohesion to the people who founded both society and state on the law of love, on Justice and Truth, not an impersooal system of the will of the blinded mob-representation by sympathy and not by dead votes. The Khalsa-State is an Ideal; Sikhs may die, it does not, It is immortal.

ਪੂਰਨ ਸਿੰਘ - ਇਕ ਪੰਛੀ ਝਾਤ

ਪੂਰਨ ਸਿੰਘ ਨਾਲ ਮੇਰੀ ਮੁਢਲੀ ਜਾਣ ਪਛਾਣ ਉਦੋਂ ਹੋਈ ਜਦੋਂ ਪ੍ਰੋ. ਹਰਬੰਸ ਸਿੰਘ ਹੋਰਾਂ ਮੈਨੂੰ ਪੈਰਿਸ ਜਾਣ ਤੋਂ ਪਹਿਲਾਂ ਉਸ ਦਵਾਰਾ ਰਚੀ ਗਈ ਪੁਸਤਕ ਦਸ ਗੁਰੂ ਸਾਹਿਬਾਨ ਦੀ ਇਕ ਕਾਪੀ ਭੇਟਾ ਕੀਤੀ । ਪੰਜਾਬੀ ਯੂਨੀਵਰਸਿਟੀ ਨੇ ਪੂਰਨ ਸਿੰਘ ਦੀਆਂ ਸਾਰੀਆਂ ਰਚਨਾਵਾਂ ਛਾਪ ਕੇ ਇਕ ਉੱਤਮ ਅਤੇ ਸ਼ਲਾਘਾਯੋਗ ਕੰਮ ਕੀਤਾ ਹੈ । ਹਰ ਸਾਲ ਪੰਜਾਬੀ ਯੂਨੀਵਰਸਿਟੀ ਵਿਖੇ ਪ੍ਰੋ. ਪੂਰਨ ਸਿੰਘ ਦਿਵਸ ਵੀ ਮਨਾਇਆ ਜਾਂਦਾ ਸੀ ਜਿਸ ਵਿੱਚ ਉਸ ਦੇ ਪਰਿਵਾਰ ਦੇ ਮੈਂਬਰ ਸ਼ਰੀਕ ਹੁੰਦੇ ਸਨ । 1973 ਵਿੱਚ ਮੈਨੂੰ ਵੀ ਇਸ ਦਿਵਸ ਤੇ ਪੂਰਨ ਸਿੰਘ ਦੀ ਵਿਗਿਆਨਕ ਰਚਨਾ ਬਾਰੇ ਬੋਲਣ ਦਾ ਸੱਦਾ ਆਇਆ । ਪੂਰਨ ਸਿੰਘ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਮੇਰਾ ਅਧਿਐਨ ਸ਼ੁਰੂ ਹੋ ਗਿਆ । ਪਹਿਲਾਂ ਮੈਂ ਡੇਹਰਾਦੂਨ ਦੇ ਫਾਰੈਸਟ ਰੀਸਰਚ ਇਨਸਟੀਚਿਊਟ ਦਾ ਦੌਰਾ ਕੀਤਾ ਅਤੇ ਡਾ. ਮੁਹੰਮਦ ਸਵਾਲੇ ਦੀ ਮੱਦਦ ਨਾਲ ਪੂਰਨ ਸਿੰਘ ਦੇ ਖੋਜ-ਪੱਤਰਾਂ ਦੀ ਸੂਚੀ ਤਿਆਰ ਕੀਤੀ । ਭਿੰਨ-ਭਿੰਨ ਵਿਸ਼ਿਆਂ ਬਾਰੇ ਪੂਰਨ ਸਿੰਘ ਦੇ 53 ਖੋਜ ਪੱਤਰ[1] ਮਿਲ ਗਏ ।

ਪੰਜਾਬੀ ਯੂਨੀਵਰਸਿਟੀ ਦੇ ਪੂਰਨ ਸਿੰਘ ਦਿਵਸ ਉਪਰ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਇਕ ਹੋਰ ਸੱਜਣ ਭਾਸ਼ਾ ਵਿਭਾਗ, ਪਟਿਆਲਾ ਤੋਂ ਲਗਭਗ ਹਰ ਸਾਲ ਹੀ ਸ਼ਾਮਲ ਹੋਇਆ ਕਰਦੇ ਸਨ । ਮੇਰੀ ਮੁਰਾਦ ਪ੍ਰੋ. ਕ੍ਰਿਪਾਲ ਸਿੰਘ ਕਸੇਲ ਹੋਰਾਂ ਤੋਂ ਹੈ । ਪਤਾ ਲੱਗਾ ਹੈ ਕਿ ਇਸ ਸੈਮੀਨਾਰ[*] ਦੀ ਵਿਉਂਤਬੰਦੀ ਵੀ ਕਸੇਲ ਹੋਰਾਂ ਦੀ ਹੱਲਾਸ਼ੇਰੀ ਦਾ ਨਤੀਜਾ ਹੈ ।

ਪਿਛਲੇ 25 ਵਰ੍ਹਿਆਂ ਵਿੱਚ ਪ੍ਰੋ. ਪੂਰਨ ਸਿੰਘ ਦੀ ਰਚਨਾ ਦਾ ਅਧਿਐਨ ਕਰਨ ਦਾ ਮੌਕਾ ਮਿਲਿਆ ਅਤੇ ਇਕੋ ਹੀ ਸਿੱਟਾ ਕੱਢਿਆ ਕਿ ਪੂਰਨ ਸਿੰਘ ਕੋਈ ਸਧਾਰਨ ਵਿਅਕਤੀ, ਵਿਗਿਆਨੀ ਜਾਂ ਸਹਿਤਕਾਰ ਨਹੀਂ ਸੀ । ਉਹ ਤਾਂ ਇਕ ਕ੍ਰਿਸ਼ਮਾ ਸੀ, ਜਾਂ ਇੰਜ ਕਹਿ ਲਵੋ ਕਿ ਉਹ 'ਧੂਮਕੇਤੂ' ਵਾਂਗ ਪੰਜਾਬ ਦੇ ਅਸਮਾਨਾਂ ਉਪਰ ਚਮਕਿਆ । ਵਿਗਿਆਨਕ ਖੋਜ-ਪੱਤਰ ਤੋਂ ਇਲਾਵਾ ਪੂਰਨ ਸਿੰਘ ਦੀਆਂ ਅੰਗਰੇਜ਼ੀ ਵਿੱਚ ਇਕ ਦਰਜਨ ਤੋਂ ਵਧੀਕ ਪੁਸਤਕਾਂ ਛੱਪ ਚੁਕੀਆਂ ਹਨ । ਭਾਰਤ ਦੇ ਅੰਗਰੇਜ਼ੀ ਸਾਹਿਤ ਵਿੱਚ ਪੂਰਨ ਸਿੰਘ ਰਾਬਿੰਦਰ ਨਾਥ ਟੈਗੋਰ ਦਾ ਹਾਣੀ ਹੈ । ਇਹ ਗੱਲ ਵੱਖਰੀ ਹੈ ਕਿ ਬੰਗਾਲੀਆਂ ਨੇ ਟੈਗੋਰ ਨੂੰ ਨੋਬਲ ਪੁਰਸਕਾਰ ਮਿਲ ਜਾਣ ਤੇ ਅਸਮਾਨ ਤੇ ਚਾੜ੍ਹ ਦਿੱਤਾ ਹੈ ਜਦ ਕਿ ਪੂਰਨ ਸਿੰਘ ਦੀਆਂ ਰਚਨਾਵਾਂ ਅਣਛਪੀਆਂ ਅਤੇ ਅਣਗੌਲੀਆਂ ਹੀ ਰਹਿ ਗਈਆਂ । ਇਹ ਪੰਜਾਬੀਆਂ ਦੀ ਸਾਹਿਤਕ ਚੇਤਨਾ ਦੀ ਘਾਟ ਜਾਂ ਉਜੱਡਪੁਣਾ ਕਹਿ ਲਵੋ । ਭਾਰਤੀ ਅੰਗਰੇਜ਼ੀ ਸਾਹਿਤ ਵਿੱਚ ਪੂਰਨ ਸਿੰਘ ਨੇ ਕਈ ਨਵੇਂ ਪ੍ਰਯੋਗ ਕੀਤੇ । ਉਦਾਹਰਣ ਲਈ 'Spirit of Oriental Poetry' ਪੱਛਮੀ ਅਤੇ ਪੂਰਬੀ ਕਾਵਿ ਸਾਹਿਤ ਦਾ ਆਲੋਚਨਾਤਮਕ ਅਧਿਐਨ[2] ਹੈ । ਪੱਛਮੀ ਕਾਵਿ ਦੇ ਮੁਕਾਬਲੇ ਪੂਰਬੀ ਕਾਵਿ ਦੀ ਵਡਿੱਤਣ ਹੈ ।

ਪੰਜਾਬ ਦੇ ਲੋਕਯਾਨ ਨੂੰ ਅੰਗਰੇਜ਼ੀ ਕਾਵਿ ਵਿਚ ਸਭ ਤੋਂ ਪਹਿਲਾਂ ਪੂਰਨ ਸਿੰਘ ਨੇ ਪੇਸ਼ ਕੀਤਾ (ਵੇਖੋ: The Sisters of the Spinning Wheel) । ਇਕ ਕਾਵਿ ਨਾਟਕ (The Bride of the Sky) ਲਿਖਿਆ, ਇਕ ਅਧਿਆਤਮਕ ਨਾਵਲ ਦੀ ਰਚਨਾ ਕੀਤੀ (Parkasina - A Buddhist Princess) ਅਤੇ ਸਿੱਖ ਧਰਮ ਬਾਰੇ ਬੌਧਿਕ ਪੱਧਰ ਤੇ ਵਿਆਖਿਆ ਕੀਤੀ ਜੋ ਲਾਸਾਨੀ ਹੈ (ਵੇਖੋ : Spirit of the Sikh, Spirit Born People, Guru Gobind Singh - Reflections and Offerings, Walt Whitman and Sikh Inspiration) ।

ਪੰਜਾਬੀ ਵਿੱਚ ਪੂਰਨ ਸਿੰਘ ਦੀਆਂ ਕੇਵਲ ਚਾਰ ਹੀ ਪੁਸਤਕਾਂ ਉਪਲੱਬਧ ਹਨ ਜਿਨ੍ਹਾਂ ਦੇ ਸਿਰਲੇਖ ਖੁਲ੍ਹੇ ਲੇਖ, ਖੁਲ੍ਹੇ ਘੁੰਡ, ਖੁਲ੍ਹੇ ਅਸਮਾਨੀ ਰੰਗ ਅਤੇ ਖੁਲ੍ਹੇ ਮੈਦਾਨ ਹਨ । ਪਹਿਲੀ ਪੁਸਤਕ ਪੰਜਾਬੀ ਵਾਰਤਕ ਦੀ ਹੈ ਅਤੇ ਬਾਕੀ ਦੀਆਂ ਤਿੰਨ ਪੰਜਾਬੀ ਕਾਵਿ ਦੀਆਂ ਹਨ । ਪੂਰਨ ਸਿੰਘ ਨੇ ਪੰਜਾਬੀ ਵਾਰਤਕ ਅਤੇ ਪੰਜਾਬੀ ਕਾਵਿ ਨੂੰ ਨਵੀਆਂ ਸੇਧਾਂ ਪ੍ਰਦਾਨ ਕੀਤੀਆਂ, ਕਈ ਨਵੇਂ ਪ੍ਰਯੋਗ ਕੀਤੇ ਅਤੇ ਪੰਜਾਬੀ ਕਵਿਤਾ ਨੂੰ ਤੁਕਬੰਦੀ ਦੀ 'ਨਵਾਬੀ ਕੈਦ' ਵਿਚੋਂ ਕੱਢ ਕੇ 'ਖੁਲ੍ਹੇ ਅਸਮਾਨੀ ਰੰਗਾਂ' ਵਿੱਚ ਉਡਾਰੀਆਂ ਲਾਉਣ ਲਈ ਤਿਆਰ ਕੀਤਾ । ਪੂਰਨ ਸਿੰਘ ਨੂੰ ਕੁਦਰਤ ਦਾ ਕਵੀ, ਰਹੱਸਵਾਦੀ ਕਵੀ, ਪੰਜਾਬੀਅਤ ਦਾ ਕਵੀ, ਰੁਮਾਂਚਿਕ ਕਵੀ, ਮੂਲ ਮਾਨਵਤਾ ਦਾ ਕਵੀ ਅਤੇ ਖੁੱਲ੍ਹੀ ਕਵਿਤਾ ਦਾ ਮੋਢੀ ਕਵੀ ਕਿਹਾ ਗਿਆ ਹੈ । ਮੇਰੇ ਵਿਚਾਰ ਵਿੱਚ ਉਸਦੀ ਕਵਿਤਾ ਸਿੱਖ ਸੁਰਤਿ ਜਾਂ ਸਿਖ ਅਧਿਆਤਮਕ ਚੇਤਨਾ ਦੀ ਪੁਨਰ-ਵਿਆਖਿਆ

ਹੈ ਅਤੇ ਪੂਰਨ ਸਿੰਘ ਨੂੰ ਸਿੱਖ ਸੁਰਤਿ ਦਾ ਵਣਜਾਰਾ ਕਵੀ[3] (A Poet of Sikh Spiritual Consciousness) ਕਹਿਣਾ ਵਧੇਰੇ ਯੋਗ ਹੋਵੇਗਾ ।

ਪ੍ਰੋ. ਪੂਰਨ ਸਿੰਘ ਦੇ ਕੁਝ ਲੇਖ ਹਿੰਦੀ ਦੇ ਰਸਾਲਿਆਂ ਵਿੱਚ ਵੀ ਛਪੇ । 'ਕੰਨਿਆਦਾਨ ਅਤੇ ਹੋਰ ਲੇਖ' ਹਿੰਦੀ ਸਾਹਿਤ ਵਿੱਚ ਉਚ ਕੋਟੀ ਦੀ ਰਚਨਾ ਮੰਨੇ ਗਏ ਹਨ । ਉਰਦੂ ਵਿੱਚ ਕੋਈ ਪੁਸਤਕ ਤਾਂ ਨਹੀਂ ਮਿਲਦੀ ਪਰੰਤੂ ਕਿਆਸ ਲਗਾਇਆ ਜਾ ਰਿਹਾ ਹੈ ਕਿ ਕੁਝ ਲੇਖ ਉਰਦੂ ਰਸਾਲਿਆਂ ਵਿੱਚ ਵੀ ਛਪੇ ਹੋਣਗੇ । ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦਤ ਪੁਸਤਕਾਂ ਦੀ ਗਿਣਤੀ ਚਾਰ ਦੇ ਕਰੀਬ ਹੈ (ਮੋਇਆਂ ਦੀ ਜਾਗ, ਕਲਾਧਾਰੀ ਤੇ ਕਲਾਧਾਰੀ ਪੂਜਾ, ਅਬਚਲੀ ਜੋਤ, ਵਾਲਟ ਵਿਟਮੈਨ ਦੀਆਂ ਚੋਣਵੀਆਂ ਕਵਿਤਾਵਾਂ)। ਪੂਰਨ ਸਿੰਘ ਹੋਰਾਂ ਆਪਣੀ ਜੀਵਨੀ (On Paths of Life), ਸਵਾਮੀ ਰਾਮ ਤੀਰਥ ਦੀ ਜੀਵਨੀ (Swami Rama) ਅਤੇ ਕਈ ਇਨਕਲਾਬੀ ਭਾਸ਼ਣ ਆਪਣੇ ਰਸਾਲੇ (Thundering Dawn) ਲਈ ਲਿਖੇ ਜੋ ਟੋਕੀਓ ਤੋਂ ਛਪਿਆ ਕਰਦਾ ਸੀ । ਸਪਸ਼ਟ ਹੈ ਕਿ ਉਸ ਦੇ ਲੇਖ ਜਪਾਨੀ ਭਾਸ਼ਾ ਵਿੱਚ ਵੀ ਛਪੇ ਹੋਣਗੇ । ਪਿਛਲੇ ਸਾਲ ਮੈਨੂੰ ਅਮਰੀਕਾ ਤੋਂ ਸਵਾਮੀ ਰਾਮ ਤੀਰਥ ਦੀ ਕਿਸੇ ਚੇਲੀ ਦਾ ਖਤ ਆਇਆ ਕਿ ਟੋਕੀਓ ਤੋਂ Thundering Dawn ਦੇ ਪੁਰਾਤਨ ਅੰਕਾਂ ਬਾਰੇ ਪੜਤਾਲ ਕਰਾਂ ਕਿਉਂਕਿ ਉਸਨੇ ਸਵਾਮੀ ਰਾਮ ਤੀਰਥ ਬਾਰੇ ਪੁਸਤਕ ਲਿਖਣੀ ਹੈ ਅਤੇ ਪੂਰਨ ਸਿੰਘ ਸਵਾਮੀ ਜੀ ਦਾ ਹੀ ਰੂਪ ਸਨ । ਅਫਸੋਸ ਕਿ ਇਸ ਰਸਾਲੇ ਦੀ ਹੁਣ ਕੋਈ ਕਾਪੀ ਵੀ ਉਪਲੱਭਧ ਨਹੀਂ ਹੈ ।

ਪੂਰਨ ਸਿੰਘ ਦੀ ਸ਼ਖਸੀਅਤ ਉਪਰ ਚਾਰ ਪ੍ਰਭਾਵ ਕਾਰਗਾਰ ਸਿੱਧ ਹੋਏ : ਜਪਾਨ ਦੀ ਯਾਤਰਾ, ਸਵਾਮੀ ਰਾਮ ਤੀਰਥ ਦਾ ਮਿਲਾਪ, ਵਾਲਟ ਵਿਟਮੈਨ ਦਾ ਪ੍ਰਭਾਵ ਅਤੇ ਭਾਈ ਵੀਰ ਸਿੰਘ ਦੀ ਸੰਗਤ । ਵਿਗਿਆਨੀ ਹੁੰਦਾ ਹੋਇਆ ਵੀ ਉਹ ਅਲਬੇਲਾ ਕਵੀ ਅਤੇ ਇਨਕਲਾਬੀ ਯੋਧਾ ਹੋ ਨਿਬੜਿਆ । ਭਾਵੇਂ ਓਪਰੀ ਨਜ਼ਰੇ ਇਹ ਇਕ ਵਿਰੋਧਭਾਸ ਜਾਪਦਾ ਹੈ ਪਰੰਤੂ ਵਾਲਟ ਵਿਟਮੈਨ ਵਾਂਗ ਪੂਰਨ ਸਿੰਘ ਵਿਗਿਆਨ ਅਤੇ ਕਾਵਿ ਵਿਚ ਕੋਈ ਦਵੰਦ ਮਹਿਸੂਸ ਨਹੀਂ ਕਰਦਾ ।(The poet must do more than mention the achievements of science; they have to fuse science into poetry: Walt Whitman)

ਪੂਰਨ ਸਿੰਘ ਦੀ ਸਾਹਿਤਕ ਰਚਨਾ ਵਿਚ ਉਪਰਲੇ ਚਾਰੇ ਪ੍ਰਭਾਵ ਪ੍ਰਤੱਖ ਲੱਭ ਪੈਂਦੇ ਹਨ । ਉਹ ਜਪਾਨ ਦੇ ਬੋਧੀ ਮੰਦਰਾਂ, ਆਰਟ, ਕਲਾ ਅਤੇ ਨਾਇਕਾਵਾਂ ਦਾ ਜਿਕਰ ਕਰਦਾ ਹੈ; ਸਵਾਮੀ ਰਾਮ ਤੀਰਥ ਤੋਂ ਪ੍ਰਭਾਵਿਤ ਹੋ ਕੇ ਵੇਦਾਂਤੀ ਬਣ ਗਿਆ; ਵਾਲਟ ਵਿਟਮੈਨ ਦੀ ਰਚਨਾ (Leaves of Grass) ਉਸ ਦੀ ਕਵਿਤਾ ਦਾ ਲੋਕਸ ਬਿੰਦੂ ਹੋ ਨਿਬੜੀ ਅਤੇ ਅਖੀਰ ਭਾਈ ਵੀਰ ਸਿੰਘ ਦੇ ਮਿਲਾਪ ਨੇ ਉਸ ਨੂੰ ਫਿਰ ਸਿੱਖੀ ਵਿੱਚ ਮੋੜ ਲਿਆਂਦਾ । ਇਹ ਮਿਲਾਪ ਅਜੇਹਾ ਕੜ-ਤੋੜੂ ਸਿੱਧ ਹੋਇਆ ਕਿ ਪੂਰਨ ਸਿੰਘ ਆਪਣੇ ਮੁਰਸ਼ਦ ਨੂੰ ਵੀ ਮਾਤ ਪਾ ਗਿਆ । ਭਾਈ ਵੀਰ ਸਿੰਘ ਪਰੰਪਰਾ ਦੀ ਕੈਦ ਵਿੱਚ ਰਹਿ ਜਾਂਦਾ ਹੈ ਅਤੇ ਉਸ ਦੀ ਅਧਿਆਤਮਕ ਚੇਤਨਾ ਦਾ ਕੇਂਦਰ ਅਪ੍ਰਾਕ੍ਰਿਤਕ ਲੋਕ ਵਿੱਚ ਹੈ ਜਦ ਕਿ ਪੂਰਨ ਸਿੰਘ ਦਾ ਪ੍ਰਗਟਾ ਵਧੇਰੇ ਸਾਰਥਕ ਅਤੇ ਪ੍ਰਾਕ੍ਰਿਤਕ ਹੈ[4] ।

ਪੂਰਨ ਸਿੰਘ ਨੇ ਸਿੱਖ ਅਧਿਆਤਮਕਤਾ ਦੀ ਸਹੀ ਪਹਿਚਾਣ ਕਰਨ ਲਈ ਸਿੱਖ ਵਿਰਸੇ ਦਾ ਅਧਿਐਨ ਤੇ ਮੁਲਾਂਕਣ ਕੀਤਾ । ਭਾਈ ਗੁਰਦਾਸ ਤੋਂ ਬਾਅਦ ਪੂਰਨ ਸਿੰਘ ਨੇ ਚੇਤੰਨ ਹੋ ਕੇ ਆਧੁਨਿਕ ਜਗਤ ਵਿੱਚ ਸਿੱਖ ਸਭਿਆਚਾਰ ਦੀ ਵਿਗਿਆਨਕ ਵਿਆਖਿਆ ਕੀਤੀ । ਸਿੱਖ ਗੁਰੂਆਂ, ਸਿੱਖਾਂ, ਖਾਲਸਾ ਰਾਜ ਦਾ ਸੰਕਲਪ, ਹਿੰਦੂ ਰੂੜ੍ਹੀਵਾਦੀ ਪਰੰਪਰਾ ਅਤੇ ਸੋਵੀਅਤ ਯੂਨੀਅਨ ਦੇ ਮਾਰਕਸੀ ਢਾਂਚੇ ਬਾਰੇ ਪੂਰਨ ਸਿੰਘ ਦੇ ਵਿਚਾਰ ਭਵਿੱਖਬਾਣੀ ਸਿੱਧ ਹੋ ਰਹੇ ਹਨ । ਸਿਰਦਾਰ ਕਪੂਰ ਸਿੰਘ ਦੀ ਰਚਨਾ (Sikhism for the Modern Man) ਪੂਰਨ ਸਿੰਘ ਦੀ ਵਿਚਾਰਧਾਰਾ ਨੂੰ ਅਗੇ ਤੋਰਦੀ ਹੈ । ਵੇਖੀਏ ਇਸ ਸੈਮੀਨਾਰ ਦੀ ਧੂੜ ਵਿੱਚੋਂ ਕੋਈ ਹੋਰ ਮਰਦ ਅਗੰਮੜਾ ਪੈਦਾ ਹੋ ਜਾਵੇ ਜੋ ਪੂਰਨ ਸਿੰਘ ਦੇ ਪਾਏ ਪੂਰਨਿਆਂ ਤੇ ਚੱਲ ਕੇ ਸਿੱਖ ਜਗਤ ਦੀ ਕਾਇਆ ਕਲਪ ਕਰ ਸਕੇ ।

~~~

ਹਵਾਲੇ ਤੇ ਟਿੱਪਣੀਆਂ

1a H S Virk, "Life and works of Puran Singh" Indian Journal History of Science, 28(3), 1993

2a H S Virk, "Puran Singh's commentary on the poets of the East and West", Advance, The International Magazine from Punjab, Vol 42 (3-4), 1992
~~~

3a jod/t f;zx ftoe, ÒÒf;Zy ;[ofs dk tDikok eth - g{oB f;zxÓÓ, y'i gfsqek (g{oB f;zx ftô/ô nze) nze 17, wkou 1981, gzikph :{Bhtof;Nh, gfNnkbk .
4a wfjzdo f;zx ozXktk (;zgkde), g{oB f;zxL ihtB s/ eftsk, ;kfjs nekdwh, fdZbh (1965), w[Zy pzd Òy[ZbQ/ x[zvÓ .
5a H S Virk, ÒÒPuran Singh's Views on Sikh Gurus, Sikhs and the Khalsa RajÓÓ Journal of Sikh Studies, Vol XI(2), 1984.

¤

ਸਾਇੰਸਦਾਨ ਪੂਰਨ ਸਿੰਘ

ਪੰਜਾਬੀ ਸਹਿਤਕਾਰਾਂ ਨੇ ਪ੍ਰੋਫੈਸਰ ਪੂਰਨ ਸਿੰਘ ਦੀ ਰਚਨਾ ਦੇ ਆਧਾਰ ਤੇ ਉਸ ਨੂੰ ਕੁਦਰਤ ਦਾ ਕਵੀ, ਰਹੱਸਵਾਦੀ ਕਵੀ, ਸਿੱਖ ਕਵੀ ਅਤੇ ਪੰਜਾਬ ਦਾ ਕਵੀ ਬਿਆਨ ਕੀਤਾ ਹੈ । ਦਰਅਸਲ, ਪੂਰਨ ਸਿੰਘ ਦੀ ਰਚਨਾ ਕਿਸੇ ਵੀ ਮਾਪ-ਦੰਡ ਦੀ ਮੁਥਾਜ ਨਹੀਂ । ਡਾਕਟਰ ਮਹਿੰਦਰ ਸਿੰਘ ਰੰਧਾਵਾ ਦੇ ਕਥਨ ਅਨੁਸਾਰ, "ਉਹ ਇਕ ਅਜੇਹਾ ਸਰਬ-ਵਿਆਪੀ ਵਿਅਕਤੀ ਸੀ ਜਿਹੜਾ ਬ੍ਰਹਿਮੰਡ ਦੇ ਹਰ ਮੰਡਲ ਅਤੇ ਸ੍ਰਿਸ਼ਟੀ ਦੇ ਹਰ ਖੰਡ ਵਿੱਚ ਜਿਵੇਂ ਜੀ ਚਾਹੇ ਵਿਚਰ ਸਕਦਾ ਸੀ, ਜੋ ਜੀਅ ਆਵੇ ਕਰ ਸਕਦਾ ਸੀ - ਖੁਲ੍ਹਾਂ ਦੇ ਸਕਦਾ ਸੀ ਤੇ ਖੁਲ੍ਹਾਂ ਲੈ ਸਕਦਾ ਸੀ ।"

ਪੂਰਨ ਸਿੰਘ ਦੀ ਸਰਬ-ਵਿਆਪਕਤਾ ਦਾ ਕੀ ਕਾਰਨ ਹੈ ? ਪੂਰਨ ਸਿੰਘ ਦੀਆਂ ਰਚਨਾਵਾਂ ਦਾ ਜੋ ਮੁਲਾਂਕਰਣ ਹੋਇਆ ਹੈ ਉਹ ਵਿੱਚ ਉਸ ਦੀ ਸ਼ਖਸੀਅਤ ਦਾ ਮਹਾਨ ਤੱਥ ਅੱਖੋਂ ਓਹਲੇ ਹੀ ਕਰ ਦਿੱਤਾ ਜਾਂਦਾ ਹੈ । ਉਹ ਨਾ ਕੇਵਲ ਇਕ ਮਹਾਨ ਸਾਹਿਤਕਾਰ ਸਨ ਸਗੋਂ ਇਕ ਉੱਘੇ ਰਸਾਇਣ-ਵਿਗਿਆਨੀ ਵੀ ਸਨ । ਹਰ ਸਹਿਤਕਾਰ ਦੀ ਰਚਨਾ ਉਪਰ ਉਸ ਦੀ ਜੀਵਨ ਕਿਰਤ ਦੀ ਅਮਿਟ ਛਾਪ ਹੋਇਆ ਕਰਦੀ ਹੈ । ਪੂਰਨ ਸਿੰਘ ਆਪਣਾ ਜੀਵਨ ਨਿਰਬਾਹ ਸਾਹਿੱਤ ਲਿਖ ਕੇ ਨਹੀਂ ਕਰਦੇ ਸਨ ਸਗੋਂ ਵਿਗਿਆਨਕ ਖੋਜ ਦੇ ਆਸਰੇ । ਇਹੋ ਕਾਰਨ ਹੈ ਕਿ ਪੂਰਨ ਸਿੰਘ ਦੀ ਅੰਗ੍ਰੇਜ਼ੀ ਰਚਨਾ ਵਿੱਚ ਰਸਾਇਣ-ਵਿਗਿਆਨ ਦੀ ਸ਼ਬਦਾਵਲੀ ਆਪ-ਮੁਹਾਰੇ ਹੀ ਆ ਪਰਵੇਸ਼ ਕਰਦੀ ਹੈ ।

ਰਸਾਇਣ-ਵਿਗਿਆਨੀ ਪੂਰਨ ਸਿੰਘ ਡੀ ਏ ਵੀ ਕਾਲਜ ਲਾਹੌਰ ਤੋਂ ਅੱਵਲ ਦਰਜੇ ਵਿੱਚ ਪਾਸ ਹੋਣ ਉਪਰੰਤ ਭਗਤ ਗੋਕਲ ਚੰਦ ਹੋਰਾਂ ਦੇ ਵਜ਼ੀਫੇ ਉਪਰ ਜਾਪਾਨ ਦੀ ਟੋਕੀਓ ਯੂਨੀਵਰਸਿਟੀ ਵਿੱਚ ਉਚੇਰੀ ਪੜ੍ਹਾਈ ਲਈ ਜਾ ਦਾਖਲ ਹੋਏ । ਏਸ਼ੀਆ ਵਿੱਚ ਜਾਪਾਨ ਸ਼ੁਰੂ ਤੋਂ ਹੀ ਵਿਗਿਆਨ ਅਤੇ ਤੈਕਨਾਲੋਜ਼ੀ ਦੇ ਖੇਤਰ ਵਿੱਚ ਮੋਹਰੀ ਰਿਹਾ ਹੈ । ਉਸ ਸਮੇਂ ਜਾਪਾਨ ਅਤੇ ਜਰਮਨੀ ਦੇ ਆਪਸੀ ਸੰਬੰਧ ਚੰਗੇ ਸਨ । ਜਰਮਨੀ ਵਿਗਿਆਨਕ ਖੋਜਾਂ ਦਾ ਘਰ ਸੀ ਅਤੇ ਜਾਪਾਨੀ ਇਨ੍ਹਾਂ ਖੋਜਾਂ ਨੂੰ ਪ੍ਰੈਕਟੀਕਲ ਰੂਪ ਦੇਣ ਵਿੱਚ ਹੁਣ ਵਾਂਗ ਉਦੋਂ ਵੀ ਮਾਹਰ ਸਨ । ਪੂਰਨ ਸਿੰਘ 1900 ਤੋਂ ਲੈ ਕੇ 1903 ਈਸਵੀ ਤੱਕ ਜਾਪਾਨ ਦੀ ਇਸ ਜਗਤ-ਪ੍ਰਸਿੱਧ ਯੂਨੀਵਰਸਿਟੀ ਦੇ ਵਿਦਿਆਰਥੀ ਰਹੇ । ਆਪ ਨੇ ਰਸਾਇਣ ਵਿਗਿਆਨ ਵਿੱਚ ਫਾਰਮਾਸਿਊਟੀਕਲ ਕੈਮਿਸਟ੍ਰੀ ਦੀ ਟ੍ਰੇਨਿੰਗ ਹਾਸਲ ਕੀਤੀ । ਇਸ ਦੇ ਨਾਲ ਹੀ ਜਾਪਾਨੀ ਸਾਹਿੱਤ, ਕਲਾ ਅਤੇ ਸਭਿਆਚਾਰ ਦਾ ਡੂੰਘਾ ਅਧਿਐਨ ਵੀ ਕੀਤਾ ।

ਜਾਪਾਨ ਵਿੱਚ ਪੂਰਨ ਸਿੰਘ ਦੇ ਜੀਵਨ ਦੀ ਜੋ ਸਭ ਤੋਂ ਪਹਿਲੀ ਕਾਇਆਂ ਕਲਪ ਕਰ ਦੇਣ ਵਾਲੀ ਘਟਨਾ ਵਾਪਰੀ ਉਹ ਸਵਾਮੀ ਰਾਮ ਤੀਰਥ ਨਾਲ ਮਿਲਾਪ ਸੀ । ਆਪ ਦੀ ਤਬੀਅਤ ਵਿੱਚ ਮਸਤੀ ਅਤੇ ਅਲਬੇਲਾਪਣ ਤਾਂ ਮੁੱਢ ਤੋਂ ਹੀ ਸੀ, ਪ੍ਰੰਤੂ ਜੇਕਰ ਸਵਾਮੀ ਰਾਮ ਤੀਰਥ ਦੀ ਚੁੰਬਕੀ ਸ਼ਖਸੀਅਤ ਦਾ ਜਾਦੂ ਨਾ ਹੁੰਦਾ ਤਾਂ ਹੋ ਸਕਦਾ ਹੈ ਕਿ ਆਪ ਵਿਗਿਆਨ ਦੇ ਖੇਤਰ ਵਿੱਚ ਹੀ ਟਿਕੇ ਰਹਿੰਦੇ ਅਤੇ ਜੋ ਨਾਮਣਾ ਸਾਹਿਤ ਦੇ ਖੇਤਰ ਵਿੱਚ ਹੈ ਉਹ ਵਿਗਿਆਨ ਦੇ ਵਿਰਸੇ ਵਿੱਚੋਂ ਖੱਟਦੇ । ਬੜੇ ਅਫ਼ਸੋਸ ਦੀ ਗੱਲ ਹੈ ਕਿ ਵਿਗਿਆਨੀ ਪੂਰਨ ਸਿੰਘ ਉਪਰ ਅਜੇ ਤੱਕ ਇਕ ਵੀ ਲੇਖ ਜਾਂ ਖੋਜ ਪੱਤਰ ਮੇਰੀ ਦ੍ਰਿਸ਼ਟੀ ਗੋਚਰੇ ਨਹੀਂ ਜਦ ਕਿ ਸਾਹਿੱਤ ਦੇ ਖੇਤਰ ਵਿੱਚ ਇਨ੍ਹਾਂ ਦੀ ਰਚਨਾ ਉਪਰ ਕਈ ਗ੍ਰੰਥ ਛਾਪੇ ਜਾ ਚੁਕੇ ਹਨ ।

ਜਾਪਾਨ ਵਿੱਚ ਪੂਰਨ ਸਿੰਘ ਦੀ ਸ਼ਖਸੀਅਤ ਉਪਰ ਵੇਦਾਂਤ ਅਤੇ ਇਨਕਲਾਬ ਦੀਆਂ ਆਪਸ-ਵਿਰੋਧੀ ਰੁਚੀਆਂ ਦਾ ਪ੍ਰਭਾਵ ਪਿਆ । ਇਸ ਦੇ ਫਲਸਰੂਪ ਆਪਦੀ ਵਿਗਿਆਨਕ ਪ੍ਰਤਿਭਾ ਮਾਦੀ ਜਗਤ ਦੀ ਪੁਣ-ਛਾਣ ਕਰਨ ਦੀ ਬਜਾਏ (ਜੋ ਇਕ ਵਿਗਿਆਨੀ ਦਾ ਕੰਮ ਹੈ) ਸੂਖਮ ਜਗਤ ਦੇ ਰਹੱਸ ਨੂੰ ਉਘਾੜਨ ਵਿੱਚ ਰੁੱਝ ਗਈ । ਇਹੋ ਕਾਰਨ ਹੈ ਕਿ ਭਾਵੇਂ ਜੀਵਨ ਨਿਰਬਾਹ ਲਈ ਸਾਰੀ ਉਮਰ ਵਿਗਿਆਨੀ ਹੀ ਰਹੇ ਪਰੰਤੂ ਅਨੁਭਵ ਖੇਤਰ ਸਾਹਿੱਤ ਰਚਨਾ ਨੇ ਮੱਲੀ ਰੱਖਿਆ । ਇਸ ਵਿੱਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਜੇਕਰ ਪੂਰਨ ਸਿੰਘ ਆਪਣਾ ਅਨੁਭਵ ਖੇਤਰ ਵਿਗਿਆਨਕ ਖੋਜ ਨੂੰ ਸੌਂਪ ਦਿੰਦਾ ਤਾਂ ਉਹ ਭਾਰਤ ਦਾ ਇਕ ਉੱਘਾ ਸਾਇੰਸਦਾਨ ਹੋ ਨਿਬੜਦਾ ।

ਵੀਹਵੀਂ ਸਦੀ ਦੇ ਅਰੰਭ ਵਿੱਚ ਭਾਰਤ ਰਾਜਸੀ ਤੌਰ ਤੇ ਗੁਲਾਮ ਸੀ ਅਤੇ ਇਥੋਂ ਦੀਆਂ ਯੂਨੀਵਰਸਿਟੀਆਂ ਵਿੱਚ ਵਿਗਿਆਨਕ ਖੋਜ ਨਾ-ਮਾਤਰ ਹੀ ਸੀ । ਪੂਰਨ ਸਿੰਘ ਆਪਣੀ ਭੈਣ ਗੰਗਾ ਨਾਲ ਕੀਤੇ ਇਕਰਾਰ ਕਰਕੇ ਗ੍ਰਹਿਸਥ

ਧਾਰਨ ਕਰ ਚੁਕਾ ਸੀ । ਕਿਰਤ ਕਰਨੀ ਗ੍ਰਹਿਸਥੀ ਦਾ ਫਰਜ਼ ਜਾਣ ਕੇ ਉਹ ਲਾਹੌਰ ਵਿੱਚ ਆਪਣੀ ਖੋਜ ਦਾ ਕੰਮ ਅਰੰਭ ਕਰਨਾ ਚਾਹੁੰਦੇ ਸਨ । ਭਗਤ ਈਸ਼ਰ ਦਾਸ ਨੇ ਉਨ੍ਹਾਂ ਦੀ ਕੁਝ ਮੱਦਦ ਕੀਤੀ । ਕੁਝ ਮਹੀਨਿਆਂ ਵਿੱਚ ਹੀ ਆਪ ਨੇ ਥਾਈਮੋਲ ਦੇ ਕ੍ਰਿਸਟਲ, ਅਜਵੈਣ ਦੇ ਕ੍ਰਿਸਟਲ, ਸੌਂਫ ਦਾ ਤੇਲ ਅਤੇ ਖੱਟਿਆਂ ਦਾ ਤੇਲ ਤਿਆਰ ਕਰ ਲਿਆ । ਯਾਦ ਰਹੇ ਕਿ ਇਸ ਕੰਮ ਵਿੱਚ ਪੂਰਨ ਸਿੰਘ ਹੋਰਾਂ ਦੇਸੀ ਭੱਠੀ ਅਤੇ ਦੇਗਚੇ ਆਦਿ ਹੀ ਵਰਤੇ । ਕਿਸੇ ਪ੍ਰਯੋਗਸ਼ਾਲਾ ਦੀ ਉਸਾਰੀ ਨਹੀਂ ਕੀਤੀ ਅਤੇ ਨਾ ਹੀ ਤਕਨੀਕੀ ਸੰਦ ਬਾਹਰੋਂ ਮੰਗਵਾਏ ਜਿਵੇਂ ਕਿ ਅੱਜ ਦੇ ਪ੍ਰਦੇਸੋਂ ਮੁੜੇ ਵਿਗਿਆਨੀ ਇਨ੍ਹਾਂ ਦੀ ਘਾਟ ਕਾਰਨ ਭਾਰਤ ਵਿੱਚ ਆ ਕੇ ਨਿਕਾਰਾ ਸਿੱਧ ਹੋ ਜਾਂਦੇ ਹਨ । ਜਿਸ ਕੰਮ ਵਿੱਚ ਆਪ ਜੁਟ ਜਾਂਦੇ ਲਗਨ ਨਾਲ ਸਿਰੇ ਚਾੜ੍ਹ ਕੇ ਹੀ ਸਾਹ ਲੈਂਦੇ । ਇਹ ਲੱਛਣ ਵਿਗਿਆਨਕ ਖੋਜ ਵਿੱਚ ਬਹੁਤ ਸਹਾਈ ਹੁੰਦਾ ਹੈ । ਪਰੰਤੂ ਆਪ ਦੀ ਵੇਦਾਂਤੀ ਪ੍ਰਕ੍ਰਿਤੀ ਜਦੋਂ ਭਾਰੂ ਹੋ ਜਾਂਦੀ ਤਾਂ ਸਭ ਤੋੜ ਭੰਨ ਕੇ ਰਾਹੇ ਪੈਂਦੇ । ਇਹੋ ਹਾਲ ਲਾਹੌਰ ਹੋਇਆ । ਜਦੋਂ ਆਪ ਨੂੰ ਪਤਾ ਲੱਗਾ ਕਿ ਭਗਤ ਈਸ਼ਰਦਾਸ ਕਿਸੇ ਨਵੇ ਖਾਤਰ ਇਹ ਕੰਮ ਕਰਵਾਣਾ ਚਾਹੁੰਦਾ ਹੈ ਤਾਂ ਆਪ ਸਭ ਕੰਮ ਛੱਡ ਛਡਾ ਕੇ ਡੇਹਰਾਦੂਨ ਲਈ ਰਵਾਨਾ ਹੋ ਗਏ ।

ਪੂਰਨ ਸਿੰਘ ਹੋਰਾਂ ਨੇ ਆਪਣੀ ਰਹਾਇਸ਼ ਡੇਹਰਾਦੂਨ ਦੇ ਨਜ਼ਦੀਕ ਡੋਈਵਾਲੇ ਕਰ ਲਈ । ਇਥੇ ਇਕ ਸਾਬਣ ਬਣਾਉਣ ਦਾ ਕਾਰਖਾਨਾ ਲਗਾ ਲਿਆ । ਦੂਨਵਾਲੀ (Doon Valley) ਦੇ ਰਮਣੀਕ ਨਜ਼ਾਰਿਆਂ ਨੇ ਆਪਦੇ ਮਨ ਨੂੰ ਮੋਹ ਲਿਆ ਅਤੇ ਉਹ ਅਖੀਰ ਦਮ ਤੱਕ ਇਸ ਵਾਦੀ ਵਿੱਚ ਹੀ ਵਿਚਰਦੇ ਰਹੇ । ਜਦੋਂ ਕੋਈ ਹੋਰ ਤਰੰਗ ਉਠੀ ਕਾਰਖਾਨਾ ਬੰਦ ਕਰਕੇ ਅੱਗੇ ਲਈ ਰਵਾਨਾ ਹੋ ਪਏ । ਇਸ ਤੋਂ ਉਪਰੰਤ ਸਰਦਾਰ ਨਗਰ ਅਤੇ ਗਵਾਲੀਅਰ ਦੇ ਰਾਜੇ ਸਿੰਧੀਏ ਪਾਸ ਵੀ ਨੌਕਰੀ ਕੀਤੀ । ਇਨ੍ਹਾਂ ਦੋਹਾਂ ਸਥਾਨਾਂ ਉਪਰ ਆਪ ਨੇ ਰੋਸ਼ਾ ਘਾਹ ਅਤੇ ਯੂਕਲਿਪਟਸ ਦੇ ਦਰਖਤ ਲਗਵਾਏ । ਜੋ ਕੰਮ ਪੂਰਨ ਸਿੰਘ ਨੇ 1920 ਈਸਵੀ ਵਿੱਚ ਅਰੰਭ ਕੀਤਾ ਸੀ ਉਹ ਅੱਜ ਭਾਰਤ ਸਰਕਾਰ ਦੇ ਜੰਗਲਾਤ ਮਹਿਕਮੇ ਨੇ 50 ਸਾਲ ਬਾਅਦ ਯੂਕਲਿਪਟਸ ਦੇ ਦਰਖਤ ਲਗਵਾ ਕੇ, ਇਨ੍ਹਾਂ ਦੇ ਪਾਏ ਪੂਰਨਿਆਂ ਤੇ ਚਾਲੂ ਕੀਤਾ ਹੈ ।

1907 ਈਸਵੀ ਤੋਂ ਲੈ ਕੇ 1918 ਈਸਵੀ ਤੱਕ ਆਪ ਡੇਰਹਾਦੂਨ ਦੇ ਫਾਰੈਸਟ ਰੀਸਰਚ ਇਨਸਟੀਚਿਊਟ ਵਿੱਚ ਰਸਾਇਣ ਵਿਗਿਆਨੀ ਦੀ ਉਪਾਧੀ ਤੇ ਕੰਮ ਕਰਦੇ ਰਹੇ । ਇਹ ਸਭ ਤੋਂ ਲੰਮਾ ਅਰਸਾ ਸੀ ਜਦ ਆਪ ਸਰਕਾਰੀ ਨੌਕਰੀ ਤੇ ਟਿਕੇ ਰਹੇ । ਇਸ ਸੰਸਥਾ ਵਿੱਚ ਆਪ ਨੇ ਖੋਜ ਦਾ ਕੰਮ ਜਾਰੀ ਰੱਖਿਆ ।

ਪੂਰਨ ਸਿੰਘ ਦੀ ਸਭ ਤੋਂ ਪ੍ਰਸਿੱਧ ਕਾਢ ਖੰਡ ਸਾਫ ਕਰਨ ਦਾ ਨਵਾਂ ਤਰੀਕਾ ਸੀ । ਇਹ ਖੋਜ ਸਰੱਈਆ (ਗੋਰਖਪੁਰ) ਪਹੁੰਚ ਕੇ ਅਰੰਭ ਕੀਤੀ । ਅਧਿਆਤਮਕ ਮੰਡਲ ਦੀ ਤਰ੍ਹਾਂ ਉੱਘੀਆਂ ਵਿਗਿਆਨਕ ਕਾਂਢਾਂ ਵਿੱਚ ਕਈ ਵਾਰ ਅਨੁਭਵ (intuition) ਵਧੇਰੇ ਸਹਾਈ ਹੁੰਦਾ ਹੈ । ਪੂਰਨ ਸਿੰਘ ਅਨੁਭਵੀ ਗਿਆਨ ਦਾ ਸੋਮਾ ਤਾਂ ਸੀ ਹੀ । ਉਸ ਨੇ ਕਿਸੇ ਖੋਜ ਰਸਾਲੇ ਦੇ ਅਧਿਐਨ ਤੋਂ ਬਗੈਰ ਹੀ ਹੱਡੀਆਂ ਦੀ ਕਾਰਬਨ ਵਰਤੇ ਬਿਨਾਂ ਖੰਡ ਨੂੰ ਸਾਫ ਕਰ ਲਿਆ । ਇਸ ਕਾਢ ਨੂੰ 'ਰੰਗ-ਕੱਪ' ਦੇ ਨਾਮ ਹੇਠ ਪੇਟੰਟ ਕਰਵਾਇਆ ।

ਡੇਹਰਾਦੂਨ ਵਿੱਚ ਕੰਮ ਕਰ ਰਹੇ ਰਸਾਇਣ-ਵਿਗਿਆਨੀ ਇਨ੍ਹਾਂ ਦੀ ਇਸ ਖੋਜ ਉਪਰ ਬਹੁਤ ਅਚੰਭਤ ਹੋਏ ਕਿਉਂਕਿ ਇਨ੍ਹਾਂ ਨੇ 150 ਸਾਲ ਤੋਂ ਚਲੀ ਆ ਰਹੀ ਵਿਧੀ ਨੂੰ ਮਾਤ ਕਰਕੇ ਇਕ ਨਵੀਂ ਕਾਢ ਕੱਢੀ ਸੀ ।

1926 ਈਸਵੀ ਵਿੱਚ ਅੰਗਰੇਜ਼ ਸਰਕਾਰ ਨੇ ਪ੍ਰੋ: ਪੂਰਨ ਸਿੰਘ ਦੀਆਂ ਵਿਗਿਆਨਕ ਖੋਜਾਂ ਨੂੰ ਮੁੱਖ ਰੱਖ ਕੇ ਜੜ੍ਹਾਂ ਵਾਲੇ ਕੋਲ ਚੱਕ ਨੰ: 73/19 ਵਿੱਚ 169 ਮੁਰੱਬੇ ਰੋਸ਼ਾ ਘਾਹ ਲਗਾਣ ਲਈ ਲੀਜ਼ ਉਪਰ ਦੇ ਦਿਤੇ । ਇਥੇ ਪਹੁੰਚ ਕੇ ਆਪ ਨੇ ਨਾ ਸਿਰਫ ਜੰਗਲੀ ਅਤੇ ਗੈਰ-ਆਬਾਦ ਇਲਾਕੇ ਨੂੰ ਖੇਤੀ ਦੇ ਯੋਗ ਬਣਾ ਲਿਆ ਸਗੋਂ ਰੋਸ਼ਾ ਘਾਹ ਦੀ ਇੰਨੀ ਫਸਲ ਹੋਣ ਲੱਗੀ ਕਿ ਤੇਲ ਕੱਢਣ ਤੋਂ ਇਲਾਵਾ ਬਾਹਰ ਵੀ ਭੇਜਿਆ ਜਾਣ ਲੱਗਾ । ਬਾਰ ਦੇ ਇਲਾਕੇ ਦੀ ਧਰਤੀ ਨਾਲ ਆਪ ਦਾ ਐਸਾ ਮੋਹ ਪੈ ਗਿਆ ਕਿ ਦੂਨ ਵਾਦੀ ਦੇ ਨਜ਼ਾਰੇ ਵੀ ਭੁੱਲ ਗਏ । ਰੋਸ਼ਾ ਘਾਹ ਉਪਰ ਆਪ ਪਸ਼ੂਆਂ ਵਾਂਗ ਚਰਨ ਲੱਗ ਪੈਂਦੇ । 'ਖੁਲ੍ਹੇ ਮੈਦਾਨ' ਵਿੱਚ ਦੇਸ਼ ਪਿਆਰ, ਪੰਜਾਬ ਮੇਰਾ ਦੇ ਸਿਰਲੇਖ ਹੇਠ ਲਿਖੀਆਂ ਬਹੁਤ ਸਾਰੀਆਂ ਕਵਿਤਾਵਾਂ ਇਸ ਸਮੇਂ ਦੀ ਰਚਨਾ ਹਨ ।

ਪੂਰਨ ਸਿੰਘ ਵਿਗਿਆਨੀ ਅਤੇ ਪੂਰਨ ਸਿੰਘ ਸਾਹਿਤਕਾਰ ਵਿੱਚ ਕੋਈ ਦਵੰਦ ਪ੍ਰਤੀਤ ਨਹੀਂ ਹੁੰਦਾ । ਪੰਜਾਬੀ ਸਾਹਿਤ ਦਾ ਆਲੋਚਕ ਅੱਜ ਤੱਕ ਇਸ ਭੇਦ ਨੂੰ ਨਹੀਂ ਲੱਭ ਸਕਿਆ । ਪੂਰਨ ਸਿੰਘ ਦੀ ਸ਼ਖਸੀਅਤ ਦੋਹਾਂ ਸ਼ਕਤੀਆਂ ਦਾ ਸੁਮੇਲ ਹੈ । ਪਰੰਤੂ ਕਵਾਂਟਮ ਮਕੈਨਿਕਸ ਦੇ ਮਾਦੇ ਦੀ ਦੁਵੱਲੀ (ਤਰੰਗ-ਕਣ) ਪ੍ਰਕ੍ਰਿਤੀ ਦੇ ਸਿਧਾਂਤ ਦੀ ਨਿਆਈਂ ਪੂਰਨ

ਸਿੰਘ ਕਿਰਤ ਦੇ ਪੱਖੋਂ ਤਾਂ ਸਾਰੀ ਉਮਰ ਵਿਗਿਆਨੀ ਹੀ ਰਿਹਾ ਪਰੰਤੂ ਅਨੁਭਵੀ ਤਰੰਗਾਂ ਦੇ ਆਵੇਸ਼ ਕਾਰਨ ਅਜੇਹਾ ਸਾਹਿਤਕਾਰ ਹੋ ਨਿਬੜਿਆ ਜੋ ਪੰਜਾਬੀ ਸਾਹਿਤ ਅਲੋਚਨਾ ਦੇ ਕਿਸੇ ਵਾਦ (ism) ਦੇ ਘੇਰੇ ਵਿੱਚ ਨਹੀਂ ਆ ਸਕਦਾ । ਪੂਰਨ ਸਿੰਘ ਆਇਨਸਟੀਨ ਵਰਗੇ ਮਹਾਨ ਵਿਗਿਆਨੀਆਂ ਦੀ ਤਰ੍ਹਾਂ ਕੁਦਰਤ ਦੀ ਅਗੰਮਤਾ ਤੋਂ ਬਲਿਹਾਰ ਜਾਂਦਾ ਹੈ । ਜਦੋਂ ਉਹ ਸਹਿਤ ਰਚਦਾ ਹੈ ਤਾਂ ਵਿਗਿਆਨ ਦੀ ਤਾਰਕਿਕ ਰੁਚੀ ਨੂੰ ਭਾਰੂ ਨਹੀਂ ਹੋਣ ਦਿੰਦਾ । ਪੂਰਨ ਸਿੰਘ ਦੀ ਵਿਗਿਆਨਕ ਪ੍ਰਤਿਭਾ ਅਤੇ ਸਾਹਿਤਕ ਰੁਚੀ ਵਿੱਚ ਕੋਈ ਅਧਿਆਰੋਪਣ ਨਹੀਂ ਲੱਭਦਾ ਜਿਸ ਕਰਕੇ ਵਿਗਿਆਨ ਉਸ ਦੀ ਕਵਿਤਾ ਵਿੱਚ ਕੋਈ ਵਿਘਨ ਨਹੀਂ ਪਾ ਸਕਿਆ । ਸੋ, ਆਧੁਨਿਕ ਰਾਏ-ਵਿਗਿਆਨਕ ਪ੍ਰਗਤੀ ਸਾਹਿਤ ਦੇ ਖੇਤਰ ਉਪਰ ਹਾਵੀ ਹੈ - ਗਲਤ ਸਿੱਧ ਹੁੰਦੀ ਹੈ । ਪੂਰਨ ਸਿੰਘ ਦੀਆਂ ਕਵਿਤਾਵਾਂ ਵਿੱਚੋਂ ਕੁਝ ਉਦਾਹਰਣਾਂ ਲੈਂਦੇ ਹਾਂ ਜਿਨ੍ਹਾਂ ਵਿੱਚ ਉਸ ਦੇ ਕਵੀ ਅਤੇ ਵਿਗਿਆਨੀ ਆਪੇ ਵਿਚਕਾਰ ਵਿਰੋਧਭਾਸ ਮਾਲੂਮ ਹੁੰਦਾ ਹੈ । ਇਸ ਵਿਰੋਧਭਾਸ ਦਾ ਰਹੱਸ ਕਵੀ ਨੇ ਆਪ ਹੀ ਖੋਲ੍ਹਿਆ ਹੈ । "ਖੁਲ੍ਹੇ ਘੁੰਡ" ਦੇ ਮੁੱਖ ਬੰਧ ਵਿੱਚ ਜੋ ਵਿਚਾਰ ਅੰਕਿਤ ਹਨ ਉਹ ਕਵੀ ਪੂਰਨ ਸਿੰਘ ਦੀ ਕਾਵਿ ਉਡਾਰੀ ਦੇ ਵਿਸ਼ਲੇਸ਼ਣ ਲਈ ਅਤੀ ਜ਼ਰੂਰੀ ਹਨ । ਉਦਾਹਰਣ ਲਈ ਦੋ ਟੂਕਾਂ ਹੀ ਦਿੰਦੇ ਹਾਂ :

1. "ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਨੇ ਜੋ ਧਰਮ ਬਣਾ ਲਿਆ ਤੇ ਅਮਲੀ ਜਾਮਾਂ ਪੁਆ ਕੇ ਟੋਰਿਆ, ਉਹ ਕਿਸੇ ਖੁਸ਼ਕ ਫਲਸਫੇ ਦੀ ਬਿਨਾ ਤੇ ਕੇਵਲ ਵਿਚਾਰਾਂ ਦਾ ਇਕ ਗੋਰਖਧੰਦਾ, ਖਿਆਲ ਦੀ ਉਡਾਰੀ ਵਾਲੇ ਦਿਮਾਗਾਂ ਦਾ ਸਿੱਟਾ ਨਹੀਂ ਸੀ, ਬਲਕਿ ਇਕ ਜੀਵਨ ਦੇ ਸੋਮੇਂ ਤੋਂ ਫੁੱਟਿਆ ਅਮਲੀ ਤੇ ਜੀਵਲ ਲਹਿਰ ਦੇ ਰੰਗ ਰਸ ਨਾਲ ਥੜਕਦਾ, ਧੜਕਦਾ, ਗੇੜੇ ਮਾਰਦਾ, ਉਮਲਦਾ ਤੇ ਉਛਲਦਾ ਕਰਤਵ ਸੀ । ਇਸ ਦਾ ਮੁੱਦਾ ਤੇ ਅਸਰ ਅਮਲੀ ਤੇ ਆਦਰਸ਼ਕ ਇਨਸਾਨ ਪੈਦਾ ਕਰਨਾ ਸੀ ।"
2. "ਗੁਰੂ ਸਾਹਿਬ ਨੇ ਇਨਸਾਨ ਦੇ ਅੰਦਰਲੇ ਨੂੰ ਪਹਿਲਾਂ ਫੜਿਆ ਹੈ ਤੇ ਇਸ ਨੂੰ ਸਾਂਖ ਵਾਂਗ ਨਿਰੀ ਗਿਣਤੀ ਨਾਲ ਗਿਣਨੇ, ਘੜਨੇ ਤੇ ਘੋਟਨੇ ਦਾ ਜਤਨ ਨਹੀਂ ਕੀਤਾ । ਉਨ੍ਹਾਂ ਨੇ ਇਕ ਛੋਹ ਲਿਆਂਦੀ ਜੋ 'ਅਨੰਤ ਛੁਹ' ਆਖੋ, ਸੁਰਤ ਦੀ ਛੁਹ ਆਖੋ, ਵਾਹਿਗੁਰੂ ਦੀ ਸ਼ਰਨ ਪ੍ਰਾਪਤੀ ਆਖੋ, ਚਰਨ ਕੰਵਲ ਦੀ ਮੌਜ ਆਖੋ, ਲਿਵ ਆਖੋ, ਅਤਮ ਰਸ ਆਖੋ, ਸੁਰਤ ਦੀ ਜਾਗ੍ਰਤ ਆਖੋ, ਜੋ ਚਾਹ ਨਾਮ ਦਿਓ, ਪਰ ਉਹ ਕੋਈ ਸ਼ੈਅ ਹੈ ਜੋ ਇਸ ਆਦਮੀ ਦੇ ਅੰਦਰਲੇ ਨੂੰ ਟੁੰਬ ਕੇ ਜਗਾ ਦੇਂਦੀ ਹੈ ।"

ਇਹੋ ਕਾਰਨ ਹੈ ਕਿ ਕਵੀ ਪੂਰਨ ਸਿੰਘ ਮਾਦਾ ਪ੍ਰਸਤੀ ਨੂੰ ਖੂਬ ਭੰਡਦਾ ਹੈ, ਫਲਸਫੇ ਉਪਰ ਕਟਾਖਸ਼ ਕਰਦਾ ਹੈ ਪ੍ਰੰਤੂ ਕਰਤਾਰ ਦੀ ਕਰਤਾਰਤਾ ਅਤੇ ਸ਼ਬਦ-ਸੁਰਤਿ ਸਿਧਾਂਤ ਦੀ ਗਵਾਹੀ ਭਰਦਾ ਹੈ :-

ਮਾਦਾ ਪ੍ਰਸਤੀ :

1. ਇਹ ਮਾਦੇ ਦਾ ਬੁੱਤ ਬ੍ਰਹਮਾ,
   ਅਸਾਂ ਦੂਰ, ਦੂਰ ਰੱਖਣਾ,
   ਇਹ ਨਾਮ ਬ੍ਰਹਮ ਦਾ ਲੈਣਾ ਤੇ ਪੈਸਾ ਪੂਜਣਾ,
   ਅਸਾਂ ਦੂਰ ਦੂਰ ਰੱਖਣਾ ।
2. ਬਿਨਾਂ ਰਸ ਦੇ ਜੋਗ ਥੀਂ ਭੋਗ ਚੰਗਾ ਲਗਦਾ,
   ਮੁੜ ਮੁੜ ਪਿਆਲੇ ਪੀ, ਪੀ, ਜਨਾਨੀਆਂ ਦੇ ਗਲੇ ਲਗਦੇ,
   ਮੋਏ ਹੋਏ ਮੋਈਆਂ ਨੂੰ ਮਾਰਦੇ,
   ਕੀੜੇ ਕਤੂਰੇ ਵਧਦੇ, ਹੋਰ ਹੁੰਦੇ ਵੱਧ ਗੁਲਾਮੀ ਕਰਨ ਨੂੰ ਬੂਤਾਂ ਦੀ,
   ਕਿਰਤ ਥੀਂ ਛੁੱਟੜ ਲੋਕੀਂ, ਮਾਰੇ ਫਲਸਫੇ ਠੱਗ ਨੇ !

ਫਲਸਫਾ :

1. ਫਲਸਫੇ ਦਾ ਕੰਮ ਹੈ ਠੱਗ ਲੈ ਜਾਣਾ,
   ਰੱਬ ਦੇ ਬੁੱਤਖਾਨੇ ਥੀਂ ਕੱਢ ਕਿਸੇ ਗੁਫਾ ਜਿਹੀ ਵਿੱਚ ਵਾੜਨਾ,
   ਇਹ ਗੁਵਾਂਦਾ ਰਾਹ ਮੇਰੇ ਅਸਲੀ ਵਤਨ ਦਾ ।
   ... ...
   ਇਉਂ ਆਖਰ ਫਲਸਫਾ ਕੌਮਾਂ ਦੀ ਮੌਤ ਹੈ,

ਸਦੀਆਂ ਲੰਮੀ ਰਾਤ ਪਾਉਂਦਾ ,
ਸਾਰਾ ਧਰਮ ਕਰਮ ਮਾਰਦਾ ।

2. ਉਪਨਿਖਦਾਂ ਦੀ ਬ੍ਰਹਮ-ਵਿਦਿਆ ਨੂੰ ਪ੍ਰਣਾਮ ਸਾਡਾ,
ਬ੍ਰਹਮ ਸੱਤਾ ਸਾਰੀ ਗੁਰੂ-ਅਵਤਾਰ ਦੀ ਸੁਰਤਿ ਮੂਰਤੀ,
ਉਥੋਂ ਦਿਵਯ ਵਿਦਿਆ ਮਨੁੱਖ ਮਨ ਵਲ ਕਰ ਰੁੱਖ ਟੁਰੀ ਹੈ,
ਉਸ ਵੇਲੇ ਮਨੁੱਖ ਸੁਰਤਿ , ਅਨੰਤ ਅਸਚਰਜ ਨਾਲ ਭਰ ਉਠੀ,
ਕਿਸੇ ਅਕਾਹਿ ਖੇੜੇ, ਅਵੈਸ਼ ਦਾ ਭਾਗ ਸਾਰਾ ਆਗਮਨ ਹੈ ।
ਉਸ ਨੂੰ ਫਲਸਫਾ ਬਣਾਉਣਾ ਗੀਤਾ ਦੀ ਭੁੱਲ ਹੈ,
ਇਹ ਭੁੱਲ ਆਖ਼ਰ ਹੁਣ ਜਾ ਵੱਜਦੀ ਬੁੱਢੇ ਉਪਨਿਖਦ ਦੇ ਸਿਰ ਤੇ ।

ਕਰਤਾਰ ਦੀ ਕਰਤਾਰਤਾ:

ਜਗਤ-ਸਾਰਾ ਚਿਤਰਸ਼ਾਲਾ, ਬੁੱਤਸ਼ਾਲਾ ਰੱਬ ਦੀ,
ਇਹ ਕਰਤਾਰ ਦੀ ਕਰਤਾਰਤਾ !

ਸ਼ਬਦ-ਸੁਰਤਿ:

ਇਉਂ ਤਾਂ ਅੱਜ ਗੁਰੂ ਗ੍ਰੰਥ ਘਰ, ਘਰ ਬਰਾਜਦਾ,
ਪਰ ਵਿਰਲਾ ਕੋਈ ਜਾਣਦਾ, ਗੁਰੂ-ਸੁਰਤਿ ਕਿਥੇ ਬੋਲਦੀ,
... ...
ਸੁਰਤਿ ਦਾ ਜਨਮ ਸਿਦਕ ਵਿੱਚ,
ਜਿਥੇ ਰੱਬ ਹੀ ਰੱਬ ਕੁੱਲ ਚਾਨਣਾ,
ਮਾਦਾ ਉਥੇ ਸਦਾ ਈ 'ਨਹੀਂ' ਹੈ !

ਪ੍ਰੋ. ਪੂਰਨ ਸਿੰਘ ਆਪਣੀ ਕਵਿਤਾ 'ਰੱਬ ਨੂੰ ਔਕੜ ਬਣੀ ਆਣ ਇਕ ਦਿਨ' ਵਿੱਚ ਪ੍ਰਤੱਖ ਹੈ ਕਿ ਡਾਰਵਿਨ ਦੇ ਜੀਵਨ ਵਿਕਾਸ ਸਿਧਾਂਤ (Evolution of Life) ਨੂੰ ਨਹੀਂ ਕਬੂਲਦਾ । ਉਹ ਮਨੁੱਖ ਦਾ ਆਗਮਨ ਸਿੱਧਾ ਕੁਦਰਤ ਦੇ ਕਾਦਰ ਨਾਲ ਜੋੜਦਾ ਹੈ :-

ਖਾ ਝੰਝੂੜਾ ਜਾਗਿਆ, ਮਿੱਟੀ ਦਾ ਬੁੱਤ,
ਨੂਰ ਦਾ ਪੁਤਲਾ, ਚਮਕਦਾ!
ਤੇ ਜਦ ਜਾਗਿਆ ਬੁੱਤ ਮਿੱਟੀ ਦਾ,
ਸ਼ਾਦਿਆਨੇ ਚੌਹਾਂ ਕੂੰਟਾਂ ਦੇ ਵੱਜੇ,
ਤੇ ਵੱਜੀਆਂ ਲੱਖ ਢੂੰਬਕ ਢੇਰੀਆਂ ।

ਪੂਰਨ ਸਿੰਘ ਦੀ ਸਾਰੀ ਕਾਵਿ ਰਚਨਾ ਵਿੱਚੋਂ ਕੇਵਲ ਇਕ ਉਦਾਹਰਣ ਹੀ ਮਿਲਦੀ ਹੈ ਜਿਥੇ ਕਵੀ ਨੇ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ । ਅੱਜ ਕੱਲ ਦੇ ਪ੍ਰਯੋਗਵਾਦੀ ਕਵੀ ਭਾਵੇਂ ਵਿਗਿਆਨਕ ਅਨੁਭਵ ਤੋਂ ਕੋਰੇ ਹੀ ਹੋਣ ਪਰੰਤੂ ਤਕਨੀਕੀ ਸ਼ਬਦਾਵਲੀ ਦੀ ਅਜੇਹੀ ਭਾਰੀ ਵਰਤੋਂ ਕਰਦੇ ਹਨ ਕਿ ਕਵਿਤਾ ਸਧਾਰਣ ਪਾਠਕ ਦੀ ਸੂਝ ਦੇ ਘੇਰੇ ਤੋਂ ਬਾਹਰ ਜਾਪਦੀ ਹੈ । ਕਵਿਤਾ "ਨਾਮ ਮੈਂ ਪੁੱਛਦਾ ਨਾਮ ਮੇਰਾ ਕੀ ਹੈ?" ਦੀ ਟੂਕ ਹੈ:

ਹੱਡੀਆਂ ਮੇਰੀਆਂ ਹਿਮਾਲਾ ਦੀਆਂ ਕੜੀਆਂ ਸਿੱਧੀਆਂ ਗ੍ਰੇਨਾਈਟ ਦੇ ਹੱਡਾਂ ਨਾਲ ਵੱਜ ਵੱਜ ਕੂਕਦੀਆਂ - "ਇਹ ਮੈਂ ਹਾਂ" -

ਪੂਰਨ ਸਿੰਘ ਦੀ ਵਾਰਤਕ ਰਚਨਾ ਪੰਜਾਬੀ ਦੇ ਮੁਕਾਬਲੇ ਅੰਗਰੇਜ਼ੀ ਵਿੱਚ ਵਧੇਰੇ ਹੈ । ਵਾਰਤਕ ਵਿੱਚ ਰਸਾਇਣ ਵਿਗਿਆਨ ਦੀ ਤਕਨੀਕੀ ਸ਼ਬਦਾਵਲੀ ਦੀ ਯੋਗ ਵਰਤੋਂ ਮਿਲਦੀ ਹੈ । ਇਹ ਸ਼ਬਦ

ਅਜੇਹੇ ਢੰਗ ਨਾਲ ਵਰਤੇ ਗਏ ਹਨ ਕਿ ਅਰਥ-ਬੋਧ ਦਾ ਤੀਖਣ ਪ੍ਰਭਾਵ ਪੈਂਦਾ ਹੈ । ਉਦਾਹਰਣ ਲਈ ਫੁੱਟ ਨੋਟ* ਵਿੱਚ ਕੁਝ ਤਕਨੀਕੀ ਸ਼ਬਦ ਆਪਦੀ ਰਚਨਾ ਵਿਚੋਂ ਲਏ ਗਏ ਹਨ ।

ਸ਼ਰਧਾਹੀਣ ਸਿੱਖ ਲਈ 'ਪਥਰਾਏ ਸਿੱਖ' (fossil of a Sikh) ਦੀ ਵਰਤੋਂ ਕੀਤੀ ਹੈ । ਜਿਸ ਤਰ੍ਹਾਂ ਬਨਸਪਤੀ ਅਤੇ ਜੀਵ ਪਹਾੜਾਂ ਵਿੱਚ ਪਥਰਾਏ (fossilized) ਮਿਲਦੇ ਹਨ ਇਸੇ ਤਰ੍ਹਾਂ ਜੀਊਂਦਾ ਸਿੱਖ ਗੁਰੂ-ਜੋਤਿ ਤੋਂ ਬਗੈਰ ਮੁਰਦਾ ਹੀ ਦੱਸਿਆ ਹੈ 'ਸੁਰਤਾ' ਉਹ ਹੈ ਜੋ ਗੁਰੂ-ਜੋਤਿ ਵਿੱਚ ਲੀਨ ਹੈ "...... it shows that Surta is alive, not petrified, not fossilized" । ਇਕ ਹੋਰ ਥਾਂ ਰਸਾਇਣ ਵਿਗਿਆਨੀ ਨਾਲ ਤਰਜੀਹ ਦਿੰਦੇ ਹਨ : As the Chemist talks of pure elements occuring in nature, the Guru referes to pure people of cosmic spirit".

ਪੂਰਨ ਸਿੰਘ ਪੰਜਾਬੀ ਸਾਹਿਤ ਦਾ ਉਹ ਹੀਰਾ ਹੈ ਜਿਸ ਦੀ ਪਰਖ ਅਜੇ ਸ਼ੁਰੂ ਹੀ ਹੋਈ ਹੈ । ਜਿਉਂ ਜਿਉਂ ਆਲੋਚਕ ਇਸ ਦੀ ਰਚਨਾ ਨੂੰ ਘੋਖਦੇ ਹਨ ਇਸ ਦੀ ਸੀਮਾ ਹੋਰ ਅਸੀਮ ਵੱਲ ਭਾਸਦੀ ਹੈ । ਵਲਵਲੇ ਦੇ ਦੇਸ਼ ਦਾ ਕਵੀ ਗਿਆਨ-ਵਿਗਿਆਨ ਦੇ ਮੰਡਲ ਤੋਂ ਪਰ੍ਹੇ ਹੈ । ਉਸ ਦੀ ਜੀਵਨ ਮੰਜ਼ਿਲ ਅਤੇ ਸੇਧ ਉਸ ਦੇ ਆਪਣੇ ਹੀ ਸ਼ਬਦਾਂ ਵਿੱਚ ਬਿਆਨ ਕਰ ਸਕਦੇ ਹਾਂ :-

"The more we subordinate the physical life to the intellecual and the intellectual to the intuitional and spiritual, the more we ascend to God".

~~~

* Amalgam (ਪਾਰਾ-ਧਾਤ ਮਿਸ਼ਰਣ), Catalyst (ਉਤਪ੍ਰੇਰਕ), Osmosis (ਅਰਗਮਨ), Translucent (ਪਾਰਦੀਪਤ) Transmutation (ਜਿਨਸ ਤਬਦੀਲੀ)
~~~

(ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਵਿਚੋਂ) ਸਿੱਖ ਸਿਧਾਂਤ ਅਤੇ ਖਾਲਸਾਵਾਦ

ਸਿੱਖ ਸਿਧਾਂਤ

ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨ ਨੇ ਪੰਜਾਬ ਵਿੱਚ ਜੋ ਧਾਰਮਿਕ, ਸਮਾਜਿਕ ਅਤੇ ਸਿਆਸੀ ਕ੍ਰਾਂਤੀ ਲਿਆਂਦੀ ਉਸਦਾ ਮੁੱਦਾ ਆਦਰਸ਼ਕ ਇਨਸਾਨ ਪੈਦਾ ਕਰਨਾ ਸੀ ।"ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਨੇ ਜੋ ਧਰਮ ਬਣਾਇਆ ਤੇ ਅਮਲੀ ਜਾਮਾ ਪੁਆ ਕੇ ਟੋਰਿਆ, ਉਹ ਕਿਸੇ ਖੁਸ਼ਕ ਫਲਸਫੇ ਦੀ ਬਿਨਾ ਤੇ ਕੇਵਲ ਵਿਚਾਰਾਂ ਦਾ ਇਕ ਗੋਰਖਧੰਦਾ, ਖਿਆਲ ਦੀ ਉਡਾਰੀ ਵਾਲੇ ਦਿਮਾਗਾਂ ਦਾ ਸਿੱਟਾ ਨਹੀਂ ਸੀ, ਬਲਕਿ ਇਕ ਜੀਵਨ ਦੇ ਸੋਮੇਂ ਤੋਂ ਫੁੱਟਿਆ ਅਮਲੀ ਤੇ ਜੀਵਲ ਲਹਿਰ ਦੇ ਰੰਗ ਰਸ ਨਾਲ ਥੜਕਦਾ, ਧੜਕਦਾ, ਗੇੜੇ ਮਾਰਦਾ, ਉਮਲਦਾ ਤੇ ਉਛਲਦਾ ਕਰਤਵ ਸੀ । ਇਸ ਦਾ ਮੁੱਦਾ ਤੇ ਅਸਰ ਅਮਲੀ ਤੇ ਆਦਰਸ਼ਕ ਇਨਸਾਨ ਪੈਦਾ ਕਰਨਾ ਸੀ ।"

ਸੰਸਾਰ ਵਿੱਚ ਦੋ ਮੁੱਖ ਧਾਰਾਣਾਵਾਂ ਪ੍ਰਚੱਲਤ ਰਹੀਆਂ ਹਨ । ਭਾਰਤੀ ਫਿਲਸਫੇ ਦੀ ਬੁਨਿਆਦ 'ਹਉਂ' ਨਿਵਾਰਣ ਦੇ ਅਸੂਲ ਤੇ ਖੜੀ ਹੈ ਜਿਵੇਂ ਕਿ ਸਾਂਖ ਅਤੇ ਯੋਗ ਵੇਦਾਂਤ ਤੋਂ ਪ੍ਰਤੀਤ ਹੁੰਦਾ ਹੈ । ਉਪਨਿਸ਼ਦਾਂ ਵਿੱਚ ਬ੍ਰਹਮ ਦਾ 'ਨੇਤੀ-ਨੇਤੀ' ਸੰਕਲਪ ਵੀ ਇਨਸਾਨ ਨੂੰ ਭੰਬਲਭੂਸੇ ਵਿੱਚ ਪਾ ਰੱਖਦਾ ਸੀ ਅਤੇ ਉਹ ਜੀਵਨ ਰੌਅ ਤੋਂ ਕਿਨਾਰਾ ਕਰ ਬਹਿੰਦਾ । ਬੁੱਧ, ਜੈਨ ਅਤੇ ਹਿੰਦੂ ਧਰਮ ਦੇ 'ਨਾਹ-ਵਾਦੀ' ਫਿਲਸਫੇ ਨੇ ਭਾਰਤ ਵਾਸੀਆਂ ਦੀ ਜਿੰਦਗੀ ਤੇ ਮਾਰੂ ਅਸਰ ਪਾਇਆ । ਇਸ ਦੇ ਉਲਟ ਜਰਮਨੀ ਵਿੱਚ ਨਿਤਸ਼ੇ ਨੇ ਇਸ ਦੇ ਉਲਟ ਖਿਆਲ ਸਿਰੇ ਚਾੜ੍ਹਿਆ ਕਿ 'ਹਉਂ' ਨਿਵਾਰਨਾ ਕਮਜ਼ੋਰੀ ਅਤੇ ਤਬਾਹੀ ਹੈ । ਇਸੇ ਖਿਆਲ ਨੂੰ ਲੈ ਕੇ ਜਰਮਨੀ ਨੇ ਆਪਣੀ ਕੌਮ ਨੂੰ ਜਗਤ-ਫਤਹਿ ਲਈ ਤਿਆਰ ਕੀਤਾ । ਹਿੰਦ ਨੂੰ ਫਤਹਿ ਕਰਨ ਵਾਲੇ ਜਰਵਾਣਿਆਂ ਦਾ ਫਿਲਸਫਾ ਨਿਤਸ਼ੇ ਵਾਲਾ ਸੀ ਜਿਸ ਕਰਕੇ ਉਹ ਇਥੋਂ ਦੇ ਨਾਂਹ-ਵਾਦੀ ਫਿਲਸਫੇ ਦੇ ਮਾਰੇ ਲੋਕਾਂ ਨੂੰ ਗੁਲਾਮ ਬਣਾਉਣ ਵਿੱਚ ਸਫ਼ਲ ਹੋ ਗਏ ।

ਪੰਜਾਬ ਵਿੱਚ ਦਸ ਗੁਰੂ ਸਾਹਿਬਾਨ ਜੋ ਆਦਰਸ਼ ਲੈ ਕੇ ਆਏ ਉਹ ਉਪਰ ਦੱਸੇ ਦੋਹਾਂ ਖਿਆਲਾਂ ਤੋਂ ਭਿੰਨ ਹੈ । ਗੁਰੂ ਸਾਹਿਬਾਂ ਨੇ ਇਨਸਾਨ ਦੇ ਅੰਦਰਲੇ ਨੂੰ ਪਹਿਲਾਂ ਫੜਿਆ ਹੈ ਤੇ ਇਸ ਨੂੰ 'ਸਾਂਖ' ਵਾਂਗੂ ਨਿਰੀ ਗਿਣਤੀ ਨਾਲ ਗਿਣਨੇ, ਘੜਨੇ ਤੇ ਘੋਟਨੇ ਦਾ ਜਤਨ ਨਹੀਂ ਕੀਤਾ। ਉਨ੍ਹਾਂ ਨੇ ਇਕ ਛੋਹ ਲਿਆਂਦੀ ਜੋ 'ਅਨੰਤ ਛੁਹ' ਆਖੋ, ਸੁਰਤ ਦੀ ਛੁਹ ਆਖੋ, ਵਾਹਿਗੁਰੂ ਦੀ ਸ਼ਰਨ ਪ੍ਰਾਪਤੀ ਆਖੋ, ਚਰਨ ਕੰਵਲ ਦੀ ਮੌਜ ਆਖੋ, ਲਿਵ ਆਖੋ, ਅਤਮ ਰਸ ਆਖੋ, ਸੁਰਤ ਦੀ ਜਾਗ੍ਰਤ ਆਖੋ, ਜੋ ਚਾਹ ਨਾਮ ਦਿਓ, ਪਰ ਉਹ ਕੋਈ ਸ਼ੈਅ ਹੈ ਜੋ ਇਸ ਆਦਮੀ ਦੇ ਅੰਦਰਲੇ ਨੂੰ ਟੁੰਬ ਕੇ ਜਗਾ ਦੇਂਦੀ ਹੈ । ਇਸ ਤਰ੍ਹਾਂ ਇਨਸਾਨ ਦੇ ਆਪੇ ਵਿੱਚ ਇਕ ਜਾਗਰਿਤ ਅਵਸਥਾ ਦੀ ਪ੍ਰਤੀਤੀ ਹੁੰਦੀ ਹੈ । ਸੁਰਤਿ ਦੀ ਉਚਿਆਨ ਉਸ ਨੂੰ ਨਿਵਾਰਨ ਅਤੇ ਧਾਰਣ ਦੇ ਝਗੜਿਆਂ ਵਿੱਚ ਨਹੀਂ ਪੈਣ ਦੇਂਦੀ । ਗੁਰੂ ਸਾਹਿਬ ਨੇ ਨਿਰਾ ਉਪਦੇਸ਼ ਤੇ ਗੁਰਮੰਤ੍ਰ ਦਾ ਉਚਾਰਣ ਨਹੀਂ ਦਿੱਤਾ ਬਲਕਿ ਅਮਲੀ 'ਜੀਆ ਦਾਨ' ਦਿੱਤਾ । ਜਿਸ ਗਲ ਦਾ ਸੁਪਨਾ ਸਾਂਖ ਤੇ ਨਿਤਸ਼ੇ ਨੂੰ ਅੱਧਾ ਆਇਆ, ਉਹ ਸ਼ੈਅ ਸਾਰੀ ਦੀ ਸਾਰੀ ਅਸਲੀ ਰੂਪ ਵਿੱਚ ਗੁਰ ਆਦਰਸ਼ ਰਾਹੀਂ ਸਿੱਖ ਸਿਧਾਂਤ ਦੀ ਬੁਨਿਆਦ ਹੈ ।"

ਖਾਲਸਾਵਾਦ

ਖਾਲਸੇ ਦੀ ਸਿਰਜਣਾ ਸਿੱਖ ਸਿਧਾਂਤ ਦੀ ਸਿਖਰ ਅਤੇ ਸਮਾਜਿਕ ਕ੍ਰਾਂਤੀ ਦੀ ਪੂਰਣਤਾ ਕਹੀ ਜਾ ਸਕਦੀ ਹੈ । ਖਾਲਸਾਵਾਦ ਅੰਤਰ-ਰਾਸ਼ਟਰੀ ਪੱਧਰ ਉਪਰ ਭਵਿੱਖ ਦੇ ਸਮਾਜ ਲਈ ਇਕ ਆਦਰਸ਼ ਹੋ ਨਿਬੜਦਾ ਹੈ । ਇਸ ਵਿੱਚ ਲੋਕਤੰਤਰ, ਸਮਾਜਵਾਦ ਅਤੇ ਧਰਮ ਦੇ ਉਹ ਸਭ ਅੰਸ਼ ਮੌਜੂਦ ਹਨ ਜੋ ਇਨਸਾਨੀਅਤ ਦੀ ਲੋੜ ਅਨੁਸਾਰ ਸਮੇਂ ਸਮੇਂ ਫਿਲਾਸਫਰ, ਧਾਰਮਿਕ ਆਗੂ ਅਤੇ ਸਮਾਜ ਵਿਗਿਆਨੀ ਪੇਸ਼ ਕਰ ਚੁਕੇ ਹਨ । ਪੰਜਾਬ ਦੀ ਧਰਤੀ ਤੇ ਅਨੰਦਪੁਰ ਸਾਹਿਬ ਦੀ 1699 ਦੀ ਵਿਸਾਖੀ ਦਾ ਕੌਤਕ ਇਕ ਅਜਿਹੀ ਘਟਨਾ ਹੈ ਜਿਸ ਦਾ ਅਜੇ ਤੱਕ ਸਹੀ ਮੁਲਾਂਕਣ ਨਹੀਂ ਹੋਇਆ । ਇਹੋ ਕਾਰਨ ਹੈ ਕਿ ਅੰਤਰ ਰਾਸ਼ਟਰੀ ਪੱਧਰ ਉਪਰ ਅਜੇ ਤੱਕ ਖਾਲਸਾਵਾਦ, ਬ੍ਰਾਹਮਣਵਾਦ ਦੀ ਇਕ ਸੁਧਾਰਵਾਦੀ ਲਹਿਰ ਦੇ ਤੌਰ ਤੇ ਹੀ ਜਾਣਿਆ ਜਾਂਦਾ ਰਿਹਾ ਹੈ ।

ਖਾਲਸਾਵਾਦ ਨੇ ਨਾ ਸਿਰਫ ਇਨਸਾਨੀਅਤ ਦੀ ਪੱਧਰ ਉਪਰ ਭੇਦ-ਭਾਵ ਖਤਮ ਕਰ ਦਿੱਤੇ ਬਲਕਿ ਰੂਹਾਨੀਅਤ ਦੀ ਪੱਧਰ ਉਪਰ ਵੀ ਬਰਾਬਰਤਾ ਦਾ ਭਾਈਚਾਰਾ ਕਾਇਮ ਕੀਤਾ । ਇਸ ਕਰਕੇ ਹੀ ਪੰਥ ਪ੍ਰਕਾਸ਼ ਦਾ ਕਰਤਾ ਬਿਆਨ ਕਰਦਾ ਹੈ :-

ਇਨ ਗ੍ਰੀਬ ਸਿਖਣ ਕੋ ਦੈਂ ਪਾਤਸ਼ਾਹੀ
ਯਹ ਯਾਦ ਰਖੈਂ ਹਮਰੀ ਗੁਰਿਆਈ ।

ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿੱਚ ਸਮਾਜਵਾਦ ਕਦੇ ਵੀ ਦੁਨੀਆਂ ਵਿੱਚ ਬਰਾਬਰੀ ਨਹੀਂ ਲਿਆ ਸਕਦਾ ਕਿਉਂਕਿ ਇਸ ਵਿੱਚ ਇਨਸਾਨ ਦੇ ਅੰਦਰਲੇ (ਜੀਵਨ ਰੌਅ) ਦੀ ਕੋਈ ਗੱਲ ਨਹੀਂ, ਸਿਰਫ ਬਾਹਰਲੀ ਸਤਾ ਉਪਰ ਹੀ ਬਰਾਬਰੀ ਦਾ ਨਾਹਰਾ ਹੈ । ਐਵਰਸਟ ਦੀ ਚੋਟੀ ਅਤੇ ਇਕ ਟਿਬੇ ਵਿੱਚ ਬਰੋਬਰਤਾ ਲਿਆਣੀ ਕਿਧਰ ਦੀ ਸਿਆਣਪ ਹੈ । ਜਿੰਨਾ ਚਿਰ ਇਨਸਾਨ ਅੰਦਰੋਂ ਖੁਦਗਰਜੀ ਨਹੀਂ ਮਿਟ ਸਕਦੀ ਸਮਾਜਵਾਦ ਦਾ ਸਹੀ ਰੂਪ ਉਘੜ ਨਹੀਂ ਸਕਦਾ । ਖਾਲਸਾ ਆਦਰਸ਼ ਵਿੱਚ ਇਨਸਾਨ ਦੀਆਂ ਬੁਨਿਆਦੀ ਲੋੜਾਂ (ਜਿਵੇਂ ਰੋਟੀ, ਕੱਪੜਾ ਅਤੇ ਮਕਾਨ) ਦਾ ਮਸਲਾ ਖੁਦ-ਬਾਖੁਦ ਹੀ ਨਜਿਠਿਆ ਜਾਂਦਾ ਹੈ ਕਿਉਂਕਿ ਸਮਾਜ ਦਾ ਹਰ ਮਨੁੱਖ ਆਪਣੇ ਵਿਤ ਅਨੁਸਾਰ ਕਮਾ ਕੇ ਲੰਗਰ, ਕਾਰ-ਸੇਵਾ ਅਤੇ ਦਸਵੰਧ ਰਾਹੀਂ ਲੋੜਵੰਦ ਖਾਲਸੇ ਦੀ ਸਹਾਇਤਾ ਕਰਦਾ ਹੈ । ਇਹ ਦਾਨ ਨਾਲੋਂ ਭਿੰਨ ਹੈ ਕਿਉਂਕਿ ਖਾਲਸਾ ਇਸ ਨੂੰ ਧਰਮ ਕਰਮ ਨਾਲੋਂ ਗੁਰੂ ਦੀ ਖੁਸ਼ੀ ਅਤੇ ਸਮਾਜਿਕ ਭਲਾਈ ਲਈ ਕਰਦਾ ਹੈ । ਖਾਲਸਾ ਆਪਣੀ ਬਰਾਦਰੀ ਦਾ ਹੀ ਨਹੀਂ ਸਗੋਂ ਸਮੁੱਚੇ ਇਨਸਾਨੀ ਭਾਈਚਾਰੇ ਦਾ ਰਹਿਬਰ ਹੋ ਨਿਬੜਦਾ ਹੈ । ਪਰੰਤੂ ਇਸ ਆਦਰਸ਼ਕ ਸਮਾਜ ਦੀ ਘਾੜਤ ਤਾਂ ਹੀ ਹੋ ਸਕਦੀ ਹੈ ਜੇਕਰ ਖਾਲਸਾ ਆਪਣੇ ਅੰਦਰਲੀ ਜੀਵਨ ਰੌਅ ਨਾਲ ਜੁੜਿਆ ਹੋਵੇ ਜੋ ਗੁਰੂ ਨਾਨਕ ਸਾਹਿਬ ਸ਼ਬਦ-ਸੁਰਤਿ ਸਿਧਾਂਤ ਰਾਹੀਂ ਬਾਣੀ ਵਿੱਚ ਪੇਸ਼ ਕਰਦੇ ਹਨ :

ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੈ ।
ਸ਼ਬਦ ਸੁਰਤਿ ਭਵਸਾਗਰ ਤਰੀਐ ਨਾਨਕ ਨਾਮ ਵਖਾਣੈ ।

ਖਾਲਸਾਵਾਦ ਸਿੱਖ ਸਿਧਾਂਤ ਦੀ ਸਿਖਰ ਕਿਹਾ ਗਿਆ ਹੈ ਕਿਉਂਕਿ ਖਾਲਸਾ ਪਹਿਲਾਂ ਗੁਰਮੁਖ ਦੀ ਪਦਵੀ ਪ੍ਰਾਪਤ ਕਰਦਾ ਹੈ ਜਿਸ ਦੀ ਬਾਣੀ ਵਿੱਚ ਭਲੀ-ਭਾਂਤ ਵਿਆਖਿਆ ਮਿਲਦੀ ਹੈ । ਜਦੋਂ ਸਮਾਜ ਵਿੱਚ ਗੁਰਮੁਖ ਜਨ ਪੈਦਾ ਹੋ ਗਏ, ਧਰਮ ਦਾ ਬੋਲਬਾਲਾ ਹੋਵੇਗਾ ਅਤੇ ਖਾਲਸਾ ਧਰਮ ਦੀ ਖਾਤਰ ਆਪਣਾ ਆਪ ਨਿਸ਼ਾਵਰ ਕਰ ਦੇਵੇਗਾ । ਜਿਸ ਤਰ੍ਹਾਂ ਖਾਲਸਾਵਾਦ ਸੰਗਤ ਅਤੇ ਪੰਗਤ ਵਿੱਚ ਇਨਸਾਨੀਅਤ ਦੇ ਤੌਰ ਤੇ ਕੋਈ ਵਿਤਕਰਾ ਨਹੀਂ ਕਰਦਾ ਇਸੇ ਤਰ੍ਹਾਂ ਧਰਮ ਰੱਖਿਆ ਲਈ ਖਾਲਸਾ ਸਾਰੀ ਲੋਕਾਈ ਦੇ ਭਲੇ ਲਈ ਜੂਝਦਾ ਹੈ । ਉਸਦਾ ਦ੍ਰਿਸ਼ਟੀਕੋਣ ਸੀਮਤ ਨਹੀਂ ਸਗੋਂ ਵਿਸ਼ਾਲ ਹੁੰਦਾ ਹੈ ।

ਖਾਲਸਾਵਾਦ ਦੀ ਸਭ ਤੋਂ ਮਹਾਨ ਖੂਬੀ ਇਹ ਹੈ ਕਿ ਰੂਹਾਨੀ ਅਤੇ ਦੁਨਿਆਵੀ ਸ਼ਕਤੀਆਂ ਦਾ ਸੋਮਾ ਗੁਰੂ ਗੋਬਿੰਦ ਸਿੰਘ ਖਾਲਸੇ ਦੇ ਹਵਾਲੇ ਕਰ ਗਏ । ਚਮਕੌਰ ਦੀ ਘਟਨਾ ਵਿਚਾਰ-ਗੋਚਰੇ ਹੈ । ਜਦੋਂ ਗੁਰੂ ਸਾਹਿਬ ਨੂੰ ਖਾਲਸੇ ਨੇ ਹੁਕਮ ਦਿੱਤਾ ਤਾਂ ਆਪ ਚਮਕੌਰ ਦੀ ਗੜ੍ਹੀ ਛੱਡ ਕੇ ਨਿਕਲ ਤੁਰੇ । ਗੁਰਮਤੇ ਦੀ ਪ੍ਰੰਪਰਾ ਸਿੱਖ ਸਿਆਸਤ ਦਾ ਧੁਰਾ ਸੀ ਜੋ ਮਿਸਲਾਂ ਦੇ ਖਤਮ ਹੋਣ ਨਾਲ ਹੌਲੀ ਹੌਲੀ ਖਤਮ ਹੋ ਗਈ । ਨਾਂਦੇੜ ਵਿੱਚ ਜੋਤੀ ਜੋਤ ਸਮਾਉਣ ਸਮੇਂ ਗੁਰੂ ਸਾਹਿਬ ਨੇ ਜੋ ਫੁਰਮਾਨ ਜਾਰੀ ਕੀਤਾ ਉਸ ਵਿੱਚ ਵੀ ਖਾਲਸੇ ਦੀ ਵਡਿਆਈ ਸਪਸ਼ਟ ਹੈ:-

"ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ" ।

ਪ੍ਰੋ. ਪੂਰਨ ਸਿੰਘ ਬਹੁਤ ਚਿੰਤਾ ਮਹਿਸੂਸ ਕਰਦੇ ਹਨ ਕਿ ਜਿਸ ਤਰ੍ਹਾਂ ਬੁੱਧ ਧਰਮ ਬ੍ਰਾਹਮਣਵਾਦ ਦੇ ਗੋਬੀ ਮਾਰੂਥਲ ਵਿੱਚ ਦਮ ਤੋੜ ਗਿਆ ਇਸੇ ਤਰ੍ਹਾਂ ਹੀ ਖਾਲਸਾਵਾਦ ਨੂੰ ਬ੍ਰਾਹਮਣਵਾਦ ਦੀ ਅਮਲ ਵੇਲ ਨੇ ਲਪੇਟ ਲੈਣਾ ਹੈ । ਭਾਰਤਵਾਸੀਆਂ ਦੇ ਕਲਿਆਣ ਲਈ ਇਹ ਦੋਵੇਂ ਮਾਰਗ-ਦਰਸ਼ਨ, ਜੀਵਨ-ਰੌਅ ਨਾਲ ਭਰਪੂਰ ਸਨ ਪਰੰਤੂ ਇਥੋਂ ਦੀਆਂ ਬੋਦੀਆਂ ਰਵਾਇਤਾਂ ਅਤੇ ਖੁਸ਼ਕ ਫਿਲਸਫੇ ਦੇ ਗੋਰਖਧੰਦੇ ਵਿੱਚ ਫਸ ਚੁੱਕੇ ਲੋਕ ਇਨ੍ਹਾਂ ਦੀ ਰੋਸ਼ਨੀ ਤੋਂ ਵਾਂਝੇ ਰਹਿ ਗਏ । "ਜੇਕਰ ਖਾਲਸਾ ਕੇਸਾਧਾਰੀ ਨਾ ਹੁੰਦਾ ਤਾਂ ਸਿੱਖ-ਸਿਧਾਂਤ ਅਤੇ ਖਾਲਸਾ ਆਦਰਸ਼ ਕਦੇ ਦੇ ਖਤਮ ਹੋ ਗਏ ਹੁੰਦੇ ਅਤੇ ਗੁਰੂ

ਗ੍ਰੰਥ ਸਾਹਿਬ ਹਿੰਦੂਆਂ ਦੇ ਪੁਰਾਣ ਗ੍ਰੰਥਾਂ ਵਿੱਚ ਸ਼ਾਮਲ ਹੋ ਗਿਆ ਹੁੰਦਾ ।" ਖਾਲਸਾ ਆਦਰਸ਼ ਦੀ ਚੜ੍ਹਦੀ ਕਲਾ ਸਾਰੇ ਭਾਰਤ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ । ਪ੍ਰੋ. ਸਾਹਿਬ ਦੇ ਸ਼ਬਦਾਂ ਵਿਚ (ਸਿਪਿਰਟ ਆਫ ਦੀ ਸਿੱਖ, ਪੰਨਾ 57)ਯ-

"The disappearance of the Sikh as such means the loss of a great national asset of power and inspiration to the Hindu himself."

ਪ੍ਰੋ. ਪੂਰਨ ਸਿੰਘ ਖਾਲਸਾ ਆਦਰਸ਼ ਤੇ ਅਧਾਰਤ ਲੋਕਰਾਜ ਦੀ ਵਿਆਖਿਆ ਵੀ ਕਰਦਾ ਹੈ (ਸਪਿਰਟ ਆਫ ਦੀ ਸਿੱਖ, ਪੰਨਾ 27):-

"Guru Gobind Singh was neither a Ceaser nor an Aurangzeb. He was the true king of the comrade of the people. In the truest representative spirit, Guru Gobind Singh founded the true democracy of the people in which there were no dead votes or votes won by mental persuation or interested coercion. Democracy was a feeling in the bosom of the Khalsa and it gave an organic cohesion to the people who founded both society and state on the law of Love, on Justice and Truth, not an impersonel system of the will of the blinded mob-representation by sympathy and not by dead votes. The Khalsa-Stae is an Ideal; Sikhs may die, it does not. It is immortal."

ਭਾਰਤ ਦੀ ਅਖੰਡਤਾ ਬਾਰੇ ਪ੍ਰੋ. ਸਾਹਿਬ ਦਾ ਦ੍ਰਿਸ਼ਟੀਕੋਨ ਸਪਸ਼ਟ ਹੈ (ਓਹੀ, ਪੰਨਾ 31):-

"In view of the political solidarity of India it is mischievous for any one to suggest that we are not of the Hindus and not equally of the Muslims. It is mischievous to multiply the points of difference with the Hindu, which are not fundamental."

ਪ੍ਰੋ. ਪੂਰਨ ਸਿੰਘ ਬਹੁਤ ਦੁਖੀ ਹਿਰਦੇ ਨਾਲ ਵੇਦਨਾ ਕਰਦੇ ਹਨ ਕਿ ਸਿੱਖ ਕ੍ਰਾਂਤੀਕਾਰੀ ਲਹਿਰ ਦਾ ਭਾਰਤੀ ਲੋਕਾਂ ਨੇ ਕਿਉਂ ਪੂਰਾ ਫਾਇਦਾ ਨਹੀਂ ਉਠਾਇਆ (ਓਹੀ, ਪੰਨਾ 31):

"The Gurus have shown to Hindus the way to freedom of mind and soul and also to political freedom. The Hindus, out of the spirit of vain intellectual pride have with held themselves from the resurgence that Sikhism would bring. For the Hindus, the way to survival and freedom is the Guru's way. Unless they accept Guru Granth as their new Gita, the old scripture and the stories from Ramayana and Mahabharta can no longer inspire new life into the mass of people whose backbone has been crushed by systematic metaphyscial and theological burdens. Political slavery has been the result of their metaphysical mentality."

(ਉਹੀ, ਪੰਨਾ 33)

"The Hindus failed Guru Gobind Singh but Guru Gobind Singh has not failed them. They have not understood him; he understood them. As they have grown so apathetic, almost antagonistic to the message of the Gurus, it is essential that the basic unique character of Sik culture should now be expressed."

ਵਾਹਿਗੁਰੂ ਅਗੇ ਇਹੋ ਅਰਦਾਸ ਹੈ ਕਿ ਸਿੱਖ ਸਿਧਾਂਤ ਅਤੇ ਖਾਲਸਾ ਆਦਰਸ਼ ਰਹਿੰਦੀ ਦੁਨੀਆਂ ਤੱਕ ਭਾਰਤ ਦੀ ਅਗਵਾਈ ਕਰ ਸਕੇ ।

~~~
~~~

ਸਿੱਖ ਸੁਰਤਿ ਦਾ ਵਣਜਾਰਾ ਕਵੀ – ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਦੀ ਸੁਮੱਚੀ ਸਾਹਿਤਿਕ ਕਿਰਤ, ਜੋ ਹਾਲ ਤਕ ਛਪ ਚੁੱਕੀ ਹੈ, ਦੇ ਵਿਚੇਚਨ ਤੋਂ ਬਾਅਦ ਮੈਂ ਇਸ ਸਿੱਟੇ ਤੇ ਪੁਜਾ ਹਾਂ ਕਿ ਇਸ ਮਹਾਨ ਸਾਹਿੱਤਕਾਰ ਦੀ ਕਿਰਤ ਦਾ ਹਾਲੇ ਤੱਕ ਅਸੀਂ ਯੋਗ ਮੁਲਾਂਕਣ ਵੀ ਨਹੀਂ ਕਰ ਸਕੇ । ਜੋ ਥੋੜਾ ਬਹੁਤ ਉਪਰਾਲਾ ਯੂਨੀਵਰਸਿਟੀ ਪੱਧਰ ਤੇ ਪੀ ਐਚ ਡੀ ਡਿਗਰੀਆਂ ਪ੍ਰਾਪਤ ਕਰਨ ਲਈ ਲਿਖੇਖੋਜ-ਪ੍ਰਬੰਧਾਂ ਦੇ ਰੂਪ ਵਿੱਚ ਹੋਇਆ ਹੈ, ਉਹ ਵੀ ਅਜੇ ਅਧੂਰਾ ਹੀ ਜਾਪਦਾ ਹੈ । ਦਰਅਸਲ, ਹਰ ਖੋਜ-ਪ੍ਰਬੰਧ ਦਾ ਵਿਦਵਾਨ ਪੂਰਨ ਸਿੰਘ ਦੀ ਕਿਰਤ ਨੂੰ ਆਪੋ ਆਪਣੇ ਸੱਚੇ ਵਿੱਚ ਢਾਲਣ ਦਾ ਯਤਨ ਕਰਦਾ ਹੈ ਜੋ ਕਿ ਡਿਗਰੀ ਪ੍ਰਾਪਤ ਕਨ ਲਈ ਇਕ ਆਵੱਸ਼ਕ ਸ਼ਰਤ ਬਣ ਗਈ ਹੈ । ਇਹੋ ਹਾਲ ਸਾਡੇ ਪੰਜਾਬੀ ਆਲੋਚਕਾਂ ਦਾ ਹੈ । ਉਹ ਸਾਹਿਤਕਾਰ ਦੀ ਕਿਰਤ ਪਰਖਣ ਨਾਲੋਂ ਵਧੇਰੇ ਰੰਗਤ ਆਪਣੀ ਐਨਕ ਦੇ ਸ਼ੀਸ਼ਿਆਂ ਦੀ ਚਾੜ੍ਹ ਦਿੰਦੇ ਹਨ । ਇਸ ਪ੍ਰਕਾਰ ਪਾਠਕ ਅਤੇ ਸਾਹਿੱਤਕਾਰ ਵਿਚਕਾਰ ਆਲੋਚਕ ਪਰਾਵਰਤਕ (Reflective) ਮਾਧਿਅਮ ਦੀ ਬਜਾਏ ਅਪਵਰਤਕ (Refractive) ਬਣ ਨਿਬੜਦਾ ਹੈ । ਇਸ ਪ੍ਰਕਾਰ ਦੀ ਆਲੋਚਨਾ[1] ਪੂਰਨ ਸਿੰਘ ਦੀਆਂ ਕਿਰਤਾਂ ਉਪਰ ਵੀ ਹਾਵੀ ਹੈ ।

ਪੂਰਨ ਸਿੰਘ ਦੇ ਕਾਵਿ ਦਾ ਜੋ ਮੁਲਾਂਕਣ ਹੋਇਆ ਹੈ ਉਸ ਦੇ ਆਧਾਰ ਤੇ ਉਸ ਨੂੰ ਕੁਦਰਤ ਦਾ ਕਵੀ, ਰਹੱਸਵਾਦੀ ਕਵੀ, ਰੁਮਾਂਚਿਕ ਕਵੀ, ਮੂਲ ਮਾਨਵਤਾ ਦਾ ਕਵੀ, ਅਲਬੇਲਾ ਕਵੀ ਅਤੇ ਪੰਜਾਬੀਅਤ ਦਾ ਕਵੀ ਕਿਹਾ ਗਿਆ ਹੈ । ਦਰਅਸਲ, ਇਨ੍ਹਾਂ ਵਿੱਚੋਂ ਕੋਈ ਵੀ ਪਦ-ਪਦਵੀ ਉਸ ਦੀ ਰਚਨਾ ਨਾਲ ਪੂਰੀ ਤਰ੍ਹਾਂ ਇਨਸਾਫ ਨਹੀਂ ਕਰ ਸਕਦੀ । ਡਾਕਟਰ ਮਹਿੰਦਰ ਸਿੰਘ ਰੰਧਾਵਾ[2] ਦੇ ਕਥਨ ਅਨੁਸਾਰ, "ਉਹ ਇਕ ਅਜੇਹਾ ਸਰਬ-ਵਿਆਪੀ ਵਿਅਕਤੀ ਸੀ ਜਿਹੜਾ ਬ੍ਰਹਿਮੰਡ ਦੇ ਹਰ ਮੰਡਲ ਅਤੇ ਸ੍ਰਿਸ਼ਟੀ ਦੇ ਹਰ ਖੰਡ ਵਿੱਚ ਜਿਵੇਂ ਜੀ ਚਾਹੇ ਵਿਚਰ ਸਕਦਾ ਸੀ, ਜੋ ਜੀਅ ਆਵੇ ਕਰ ਸਕਦਾ ਸੀ – ਖੁਲ੍ਹਾਂ ਦੇ ਸਕਦਾ ਸੀ ਤੇ ਖੁੱਲ੍ਹਾਂ ਲੈ ਸਕਦਾ ਸੀ ।"

ਪੂਰਨ ਸਿੰਘ ਦੀ ਕਾਵਿ ਕ੍ਰਿਤ ਦੀ ਸਹੀ ਪਰਖ ਤਾਂ ਹੀ ਹੋ ਸਕਦੀ ਹੈ ਜੇਕਰ ਉਸ ਦੇਅਨੁਭਵ ਦੇ ਕਾਰਜ-ਖੇਤਰ ਵੱਲ ਪਹਿਲਾਂ ਧਿਆਨ ਮਾਰ ਲਈਏ । ਉਹ ਕਿਸ਼ੋਰ ਅਵਸਥਾ ਵਿੱਚ ਹੀ ਜਾਪਾਨ ਵਿੱਚ ਉਚ ਵਿਦਿਆ ਦੀ ਪ੍ਰਾਪਤੀ ਲਈ ਭੇਜਿਆ ਗਿਆ । ਉਥੇ ਉਸ ਦੇ ਕੋਮਲ ਮਨ ਤੇ ਜਾਪਾਨ ਦੀ ਬੋਧੀ ਸਭਿਅਤਾ ਦਾ ਡੂੰਘਾ ਅਸਰ ਪਿਆ । ਸਵਾਮੀ ਰਾਮ ਤੀਰਥ ਦੀ ਮਿਲਣੀ ਤੇ ਉਹ ਵੇਦਾਂਤੀ ਸੰਨਿਆਸੀ ਬਣ ਗਿਆ ਪਰੰਤੂ ਭਾਈ ਵੀਰ ਸਿੰਘ ਦੇ ਪ੍ਰਭਾਵ ਹੇਠ ਉਸ ਦੀ ਕਾਇਆ ਕਲਪ ਹੋਣ ਤੋਂ ਬਾਅਦ ਉਹ ਮੁੜ ਸਿੱਖੀ ਵਿੱਚ ਪ੍ਰਵੇਸ਼ ਕਰ ਗਿਆ । ਇਹ ਘਟਨਾ 1912 ਈ. ਦੀ ਹੈ । ਪੂਰਨ ਸਿੰਘ ਦੀ ਪੰਜਾਬੀ ਭਾਸ਼ਾ ਵਿੱਚ ਸਾਰੀ ਸਾਹਿੱਤਿਕ ਕ੍ਰਿਤ ਇਸ ਕਾਲ ਤੋਂ ਬਾਅਦ ਦੀ ਰਚਨਾ ਹੈ ।

ਭਾਈ ਵੀਰ ਸਿੰਘ ਤੇ ਪੂਰਨ ਸਿੰਘ ਦੋਵੇਂ ਹੀ ਸਿੱਖ ਅਧਿਆਤਮਿਕ ਚੇਤਨਾ (Sikh Spiritual Consciousness) ਦੇ ਵਣਜਾਰੇ ਕਵੀ ਹਨ, ਪਰ ਉਨ੍ਹਾਂ ਦੇ ਕਾਰਜ-ਖੇਤਰ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ । ਭਾਈ ਵੀਰ ਸਿੰਘ[3] ਪਰੰਪਰਾ ਦੀ ਕੈਦ ਵਿੱਚ ਰਹਿ ਜਾਂਦਾ ਹੈ ਅਤੇ ਉਸ ਦੀ ਅਧਿਆਤਮਿਕ ਚੇਤਨਾ ਦਾ ਕੇਂਦਰ ਕਿਸੇ ਅਪ੍ਰਾਕ੍ਰਿਤਿਕ ਲੋਕ ਵਿੱਚ ਹੈ । ਪੂਰਨ ਸਿੰਘ ਦੀ ਅਧਿਆਤਮਿਕ ਚੇਤਨਾ ਦਾ ਪ੍ਰਗਟਾ ਸਾਹਵੇਂ ਜਾਂ ਅਛੋਪਲੇ ਰੂਪ ਵਿੱਚ ਹਰ ਗੱਦ ਜਾਂ ਪੱਦ ਰਚਨਾ ਵਿੱਚੋਂ ਲਭਦਾ ਹੈ । ਇਹ ਪ੍ਰਗਟਾ ਵਧੇਰੇ ਸਾਰਥਕ ਅਤੇ ਪ੍ਰਾਕਿਤਿਕ ਹੈ, ਜਦ ਕਿ ਭਾਈ ਵੀਰ ਸਿੰਘ ਅਨੁਭਵ ਤੋਂ ਖਹਿੜਾ ਨਹੀਂ ਛੁਡਾ ਸਕਿਆ, ਪੂਰਨ ਸਿੰਘ[4] ਸਿੱਖ ਅਧਿਆਤਮਿਕ ਚੇਤਨਤਾ ਨੂੰ ਬੌਧਿਕ ਪੱਧਰ ਉਪਰ ਪੇਸ਼ ਕਰਨ ਵਿੱਚ ਸਫਲ ਹੋ ਗਿਆ ਹੈ ।

ਇਸ ਲੇਖ ਵਿੱਚ ਪੂਰਨ ਸਿੰਘ ਨੂੰ ਮੈਂ ਸਿੱਖ ਸੁਰਤਿ ਜਾਂ ਅਧਿਆਤਮਿਕ ਚੇਤਨਤਾ ਦਾ ਕਵੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ । ਜਿਸ ਤਰ੍ਹਾਂ ਸਮੁੰਦਰ ਦੇ ਪਾਣੀ ਹੇਠ ਤੱਤੇ ਜਾਂ ਠੰਡੇ ਪਾਣੀ ਦੀਆਂ ਰੌਆਂ ਨਿਰੰਤਰ ਚਲਦੀਆਂ ਰਹਿੰਦੀਆਂ ਹਨ, ਇਸੇ ਤਰ੍ਹਾਂ ਹੀ ਪੂਰਨ ਸਿੰਘ ਦੀ ਹਰ ਰਚਨਾ ਵਿਚ ਸਿੱਖ ਸੁਰਤਿ ਦਾ ਝਲਕਾਰਾ ਅਵੱਸ਼ ਹੀ ਪੈਂਦਾ ਹੈ । ਪੂਰਨ ਸਿੰਘ ਨੂੰ ਪੰਜਾਬ ਦੀ ਮਿੱਟੀ ਦੇ ਕਣ ਕਣ, ਹਵਾ ਪਾਣੀ, ਰੁੱਖ ਬੇਲੇ, ਇਸ ਦੇ ਦਰਿਆਵਾਂ, ਇਥੋਂ ਦੇ ਲੋਕਾਂ, ਰਾਂਝੇ ਹੀਰਾਂ, ਗੱਲ ਕੀ ਚੱਪੇ ਚੱਪੇ ਅਤੇ ਹਰ ਸ਼ੈਅ ਵਿੱਚੋਂ ਗੁਰੂ-ਸਵਾਰੀ ਸਿੱਖ-ਸੁਰਤਿ ਦੀ ਨੁਹਾਰ ਹੀ ਲੱਭਦੀ ਹੈ । ਇਸੇ ਪ੍ਰੇਰਨਾ ਅਧੀਨ ਉਹ ਰਾਂਝੇ ਨੂੰ ਵੀ ਗੁਰੂ ਦਾ ਸਿੱਖ ਕਹਿੰਦਾ ਹੈ ।[5]

ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ,
ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ।

ਪੂਰਨ ਸਿੰਘ ਦੇ ਆਪਣੇ ਸ਼ਬਦਾਂ ਵਿੱਚ 'ਸੁਰਤਿ' ਦਰਅਸਲ ਅਧਿਆਤਮਿਕ ਚੇਤਨਤਾ ਦਾ ਹੀ ਨਾ ਹੈ ਜਿਸ ਨੂੰ ਆਤਮਾ ਵੀ ਕਿਹਾ ਗਿਆ ਹੈ । ਇਹ ਉਹ ਜੀਵਨ ਰੌਅ ਹੈ ਜਿਸ ਦੇ ਆਸਰੇ ਕੌਮਾਂ ਬਲਵਾਨ ਅਤੇ ਚੜ੍ਹਦੀ ਕਲਾ ਨੂੰ ਪ੍ਰਾਪਤ ਹੁੰਦੀਆਂ ਹਨ । "ਗੁਰੂਆਂ ਨੇ ਜੀਵਨ ਨੂੰ ਸੁਰਤਿ ਦੇ ਉਤਰਾ ਅਤੇ ਚੜ੍ਹਾ ਰਾਹੀਂ ਦਰਸਾਇਆ ਹੈ । 'ਸੁਰਤਾ' ਉਹ ਹੈ ਜੋ ਜਾਗਰਿਤ ਅਵਸਥਾ ਵਿੱਚ ਵਿਚਰ ਸਕੇ । ਇਸ ਤੋਂ ਜ਼ਾਹਿਰ ਹੈ ਕਿ ਅਧਿਆਤਕਿ ਚੇਤਨਾ ਵਾਲਾ ਇਨਸਾਨ ਹੀ ਸੁਰਤਾ ਹੋ ਸਕਦਾ ਹੈ, ਇਕ ਪਥਰਾਈ ਆਤਮਾ ਵਾਲਾ ਮਨੁੱਖ ਨਹੀਂ ।[6]

ਸੁਰਤਿ ਦੀ ਸੰਵੇਦਨਸ਼ੀਲਤਾ ਅਤੇ ਜਾਗਰਿਤ ਅਵਸਥਾ ਦੀਆਂ ਕਈ ਉਦਾਹਰਨਾ ਉਹ ਆਪਣੇ ਲੇਖ 'ਸੁਰਤਾ' ਵਿੱਚ ਅੰਕਿਤ ਕਰਦੇ ਹਨ । ਇਥੇ ਕੇਵਲ ਇਕ ਦਾ ਹੀ ਵਰਣਨ ਕਾਫੀ ਹੈ । ਜਦੋਂ ਪ੍ਰਹਿਲਾਦ ਤੱਤੇ ਥੰਮ ਨੂੰ ਵੇਖਦਾ ਹੈ ਤਾਂ ਉਸ ਦੀ ਸੁਰਤਿ ਡੋਲ ਜਾਂਦੀ ਹੈ । ਕੁਝ ਪਲਾਂ ਵਿੱਚ ਹੀ ਉਸ ਨੂੰ ਥੰਮ ਉਪਰ ਕੀੜੀ ਤੁਰੀ ਜਾਂਦੀ ਦਿਸ ਪੈਂਦੀ ਹੈ । ਉਸ ਦੀ ਢਹਿ ਚੁੱਕੀ ਸੁਰਤਿ ਵਿੱਚ ਹੁਲਾਰਾ ਆਉਂਦਾ ਹੈ ਅਤੇ ਉਹ ਥੰਮ ਨੂੰ ਜੱਫੀ ਮਾਰ ਲੈਂਦਾ ਹੈ । ਸਾਡੇ ਨਿੱਤ ਦੇ ਜੀਵਨ ਵਿੱਚ ਕਈ ਘਟਨਾਵਾਂ ਵਾਪਰਦੀਆਂ ਹਨ, ਜਦੋਂ ਸਾਡੀ ਸੁਰਤਿ ਪਾਰੇ ਵਾਂਗ ਡੋਲਦੀ ਹੈ । ਇਸ ਤੋਂ ਸਿੱਧ ਹੁੰਦਾ ਹੈ ਕਿ 'ਸੁਰਤਿ' ਵੀ ਜੀਉਂਦੀ ਹੈ ਭਾਵੇਂ ਇਸ ਦਾ ਕੋਈ ਪ੍ਰਾਕ੍ਰਿਤਿਕ ਰੂਪ ਨਹੀਂ ।

"ਖੁਲ੍ਹੇ ਘੁੰਡ" ਦੀਆਂ ਸਾਰੀਆਂ ਕਵਿਤਾਵਾਂ ਸੁਰਤਿ ਦੇ ਵਿਸ਼ੇ ਨੂੰ ਭਲੀ ਭਾਂਤੀ ਉਘਾੜਦੀਆਂ ਹਨ । ਇਨ੍ਹਾਂ ਕਵਿਤਾਵਾਂ ਵਿੱਚ ਪ੍ਰੋ. ਪੂਰਨ ਸਿੰਘ ਦੇ ਜੀਵਨ ਫਲਸਫੇ ਦੀ ਮੋਹਰ ਛਾਪ ਹੈ । ਪੁਸਤਕ ਦੇ ਮੁੱਖ-ਬੰਧ ਵਿੱਚ ਹੀ ਕਰਤਾ ਜੀ ਆਪਣੇ ਆਸ਼ੇ ਨੂੰ ਉਘਾੜਨ ਦਾ ਯਤਨ ਕਰਦੇ ਹਨ ਜੋ ਹੇਠ ਦਿੱਤੀਆਂ ਟੂਕਾਂ ਤੋਂ ਸਪਸ਼ਟ ਹੁੰਦਾ ਹੈ :

1. "ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਨੇ ਜੋ ਧਰਮ ਬਣਾਇਆ ਤੇ ਅਮਲੀ ਜਾਮਾ ਪੁਆ ਕੇ ਟੋਰਿਆ, ਉਹ ਕਿਸੇ ਖੁਸ਼ਕ ਫਲਸਫੇ ਦੀ ਬਿਨਾ ਤੇ ਕੇਵਲ ਵਿਚਾਰਾਂ ਦਾ ਇਕ ਗੋਰਖਧੰਦਾ, ਖਿਆਲ ਦੀ ਉਡਾਰੀ ਵਾਲੇ ਦਿਮਾਗਾਂ ਦਾ ਸਿੱਟਾ ਨਹੀਂ ਸੀ, ਬਲਕਿ ਇਕ ਜੀਵਨ ਦੇ ਸੋਮੇਂ ਤੋਂ ਫੁੱਟਿਆ ਅਮਲੀ ਤੇ ਜੀਵਨ ਲਹਿਰ ਦੇ ਰੰਗ ਰਸ ਨਾਲ ਥੜਕਦਾ, ਧੜਕਦਾ, ਗੇੜ ਮਾਰਦੀ, ਉਮਲਦਾ ਤੇ ਉਛਲਦਾ ਕਰਤਵ ਸੀ । ਇਸ ਦਾ ਮੁੱਦਾ ਤੇ ਅਸਰ ਅਮਲੀ ਤੇ ਆਦਰਸ਼ਕ ਇਨਸਾਨ ਪੈਦਾ ਕਰਨਾ ਸੀ ।"
2. "ਗੁਰੂ ਸਾਹਿਬ ਨੇ ਇਨਸਾਨ ਦੇ ਅੰਦਰਲੇ ਨੂੰ ਪਹਿਲਾਂ ਫੜਿਆ ਹੈ ਤੇ ਇਸ ਨੂੰ ਸਾਂਖ ਵਾਂਗ ਨਿਰੀ ਗਿਣਤੀ ਨਾਲ ਗਿਣਨੇ, ਘੜਨੇ ਤੇ ਘੋਟਨੇ ਦਾ ਜਤਨ ਨਹੀਂ ਕੀਤਾ । ਉਨ੍ਹਾਂ ਨੇ ਇਕ ਛੋਹ ਲਿਆਂਦੀ ਜੋ 'ਅਨੰਤ ਛੁਹ' ਆਖੋ, ਸੁਰਤ ਦੀ ਛੁਹ ਆਖੋ, ਵਾਹਿਗੁਰੂ ਦੀ ਸ਼ਰਨ ਪ੍ਰਾਪਤੀ ਆਖੋ, ਚਰਨ ਕੰਵਲ ਦੀ ਮੌਜ ਆਖੋ, ਲਿਵ ਆਖੋ, ਅਤਮ ਰਸ ਆਖੋ, ਸੁਰਤ ਦੀ ਜਾਗ੍ਰਤ ਆਖੋ, ਜੋ ਚਾਹ ਨਾਮ ਦਿਓ, ਪਰ ਉਹ ਕੋਈ ਸ਼ੈਅ ਹੈ ਜੋ ਇਸ ਆਦਮੀ ਦੇ ਅੰਦਰਲੇ ਨੂੰ ਟੁੰਬ ਕੇ ਜਗਾ ਦੇਂਦੀ ਹੈ ।"

ਸੁਰਤਿ ਦਾ ਸੰਕਲਪ ਗੁਰਬਾਣੀ ਵਿੱਚ ਵੀ ਕਈ ਵਾਰ ਦਰਸਾਇਆ ਗਿਆ ਹੈ । 'ਸਿਧ-ਗੋਸਟਿ' ਵਿੱਚ ਗੁਰੂ ਨਾਨਕ ਸਾਹਿਬ ਸ਼ਬਦ-ਸੁਰਤਿ ਦਾ ਸਿਧਾਂਤ ਹੀ ਪੇਸ਼ ਕਰਦੇ ਹਨ ।

ਸੁਰਤਿ ਸਬਦਿ ਭਵਸਾਗਰੁ ਤਰੀਐ,
ਨਾਨਕ ਨਾਮੁ ਵਖਾਣੇ ।

'ਸੁਰਤੇ' ਦਾ ਜ਼ਿਕਰ ਵੀ ਗੁਰਬਾਣੀ ਵਿੱਚ ਹੋਇਆ ਹੈ :

ਚਉਥੇ ਪਹਰਿ ਸੁਬਾਹ ਕੇ
ਸੁਰਤਿਆ ਉਪਜੈ ਚਾਉ ।

ਜਪੁਜੀ ਸਾਹਿਬ ਵਿੱਚ ਸੁਰਤਿ ਦੀ ਘਾੜਤ ਦੀ ਵੀ ਗੱਲ ਹੋਈ ਹੈ :

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ।
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ।

ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ 'ਬਚਿਤਰ ਨਾਟਕ' ਵਿੱਚ ਆਪਣੇ ਪਿਛੋਕੜ ਬਾਰੇ ਦਸਦੇ ਹੋਏ ਬਿਆਨ ਕਰਦੇ ਹਨ :

ਚਿੱਤ ਨ ਭਯੋ ਹਮਰੋ ਆਵਨ ਕਹ ।
ਚੁਭੀ ਰਹਿ ਸੁਰਤਿ ਪ੍ਰਭ ਚਰਨਣ ਮਹ । (ਚੌਪਈ ਪਾ : 10)

ਉਪਰਲੀਆਂ ਟੁਕਾਂ ਤੋਂ ਸਪਸ਼ਟ ਹੈ ਕਿ ਪੂਰਨ ਸਿੰਘ ਨੇ ਆਪਣੇ ਕਾਵਿ-ਅਨੁਭਵ ਵਿੱਚ ਗੁਰਬਾਣੀ ਦੀ ਇਸ ਵਿਚਾਰ ਧਾਰਾ ਨੂੰ ਪੂਰਨ-ਭਾਂਤ ਅਪਣਾਇਆ ਹੈ । ਉਹ ਸਿੱਖ ਜੀਨੀਅਸ ਦੀ ਜੀਉਂਦੀ ਜਾਗਦੀ ਮਿਸਾਲ ਹੈ ਅਤੇ ਆਪਣੀਆਂ ਕ੍ਰਿਤਾਂ ਵਿੱਚ ਸਿੱਖ ਸਿਧਾਂਤ ਦੀ ਭਾਵੁਕ ਅਤੇ ਬੌਧਿਕ ਵਿਆਖਿਆ ਕਰ ਰਿਹਾ ਪ੍ਰਤੀਤ ਹੁੰਦਾ ਹੈ । ਸੁਰਤਿ ਦੇ ਵਿਸ਼ੇ ਉਪਰ ਉਸ ਦੀਆਂ ਉਘੀਆਂ ਕ੍ਰਿਤਾਂ 'ਰੂਹ ਦੇ ਜਾਏ' (ਸਪਿਰਟ ਬਾਰਨ ਪੀਪਲ), 'ਸਿੱਖ ਦੀ ਰੂਹ' (ਸਪਿਰਟ ਆਫ ਦੀ ਸਿੱਖ) ਅਤੇ 'ਖੁਲੇ ਘੁੰਡ' ਸੰਗ੍ਰਹਿ ਦੀਆਂ ਕਵਿਤਾਵਾਂ ਹਨ । ਵਿਸ਼ੇ ਦੇ ਵਿਸਤਾਰ ਤੋਂ ਸੰਕੋਚ ਕਰਦੇ ਹੋਏ ਇਥੇ ਕੇਵਲ ਉਸ ਦੀ ਕਾਵਿ-ਕ੍ਰਿਤ ਹੀ ਵਿਚਾਰ ਗੋਚਰੇ ਹੈ ।

'ਖੁਲੇ ਘੁੰਡ' ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ 'ਸੁਰਤਿ ਤੇ ਹੰਕਾਰ' ਇਕ ਉਤਮ ਕਾਵਿ-ਰਚਨਾ ਹੈ । ਇਸ ਸੰਗ੍ਰਹਿ ਦੇ ਮੁਖ-ਬੰਦ ਵਿੱਚ ਸੁਰਤਿ ਅਤੇ ਹੰਕਾਰ ਦਾ ਵਖ੍ਰੇਵਾਂ ਬੜੇ ਸਪੱਸ਼ਟ ਢੰਗ ਨਾਲ ਕੀਤਾ ਗਿਆ ਮਿਲਦਾ ਹੈ :

"ਸੁਰਤਿ ਅੰਦਰਲੀ ਛੁਹ ਨਾਲ ਜਾਗੀ ਉਚਿਆਣ ਹੈ ਜੋ ਹੰਕਾਰ ਤੋਂ ਵੱਖਰੀ ਹੈ । ਸੁਰਤੇ ਦਾ ਕਾਰਨ 'ਅਮਲ' ਵਿਚ ਇਹ ਹੈ ਕਿ ਉਹ ਆਪਣੇ ਵਰਗਾ ਜੀਵਨ ਵਧਦਾ ਫੁੱਲਦਾ ਵੇਖਣਾ ਚਾਹੁੰਦਾ ਹੈ । ਉਹ ਜਗਦੇ ਦੀਵੇ ਵਾਂਗ ਹੈ ਤੇ ਹੋਰ ਦੀਵੇ ਜਗਾਉਣਾ ਆਪਣਾ ਮਨੋਰਥ ਸਮਝਦਾ ਹੈ । 'ਸੁਰਤਾ', ਜਗਤ ਵਿੱਚ ਕੰਮ ਕਾਰ ਕਰਦਾ ਹੈ, ਜੀਅ ਦਾਨ ਦੇਂਦਾ ਹੈ ਅਤੇ ਝੂਠੀ ਉਚਿਆਣ ਅੱਗੇ ਲੰਮਾ ਨਹੀਂ ਪੈਂਦਾ । ਇਸ ਜਾਗੇ ਮਨ ਲਈ ਦੁਨੀਆਂ ਮਾਮਲੇ ਉਪਜਾਂਦੀ ਤੇ ਘੇਰੇ ਪਾਂਦੀ ਹੈ ਅਤੇ ਇਸ ਦੀ ਜਗਤ ਦੀਆਂ ਕਾਲੀਆਂ ਤਾਕਤਾਂ ਨਾਲ ਕਸ਼ਮਕਸ਼ ਸ਼ੁਰੂ ਹੁੰਦੀ ਹੈ । ਸੁਰਤਾ ਦੁਨੀਆ ਵਿੱਚ ਵਿਚਰਦਾ ਵੀ ਇਕ ਤਿਆਗੀ ਮਨੁੱਖ ਹੈ ਪਰ ਇਹ ਤਿਆਗ ਭਾਰਤੀ ਪਰੰਪਰਾ ਤੋਂ ਵੱਖਰੀ ਕਿਸਮ ਦਾ ਹੈ । ਮਾਮਲਾ ਪੈਣ ਤੇ 'ਸੁਰਤਾ' ਜੰਗ ਤੱਕ ਅਪੜ ਜਾਂਦਾ ਹੈ । ਇਸ ਦੇ ਅਮਲ ਵਿੱਚ ਉਹ ਹਨੇਰਾ ਨਹੀਂ ਹੁੰਦਾ ਜੋ ਹੰਕਾਰੀ ਦੇ ਕੰਮਾਂ ਵਿੱਚ ਹੁੰਦਾ ਹੈ । ਹਉ ਦੇ ਆਸਰੇ ਆਦਮੀ ਸੂਰਮਗਤੀ ਕਰ ਗੁਜ਼ਰਦਾ ਹੈ, ਕੁਰਬਾਨ ਵੀ ਹੋ ਜਾਂਦਾ ਹੈ ਪਰ ਨਿਰੇ ਹੰਕਾਰ ਦੇ ਆਸਰੇ ਵਾਲੇ ਨੂੰ ਤ੍ਰੈ-ਡਰ ਹਨ : (1) ਜਦ ਆਪਣੇ ਤੋਂ ਵੱਡੇ ਹੰਕਾਰੀ, ਵੱਡੇ ਬਲ ਵਾਲੇ ਤੇ ਵੱਡੀ ਜਥੇਬੰਦੀ ਨਾਲ ਟੱਕਰਨਗੇ ਤਦ ਹਾਰ ਜਾਣਗੇ । (2) ਹਾਰ ਕੇ, ਦੇਸ, ਧੰਨ ਦੇਂਦੇ ਹੋਏ ਮਨ ਕਰਕੇ ਗੁਲਾਮ ਹੋ ਜਾਣਗੇ ਤੇ ਅੰਤ ਮੁਰਦਿ-ਹਾਨ ਵਰਤੇਗੀ । (3) ਜੇ ਜਿਤ ਗਏ ਤਾਂ ਆਪ ਜ਼ਾਲਮ ਧੱਕੇ-ਖੋਰ ਬਣਨਗੇ, ਧੱਕੇ ਨਾਲ ਧੰਨ ਇਕੱਠਾ ਕਰਕੇ ਧਨੀ ਬਣਨਗੇ, ਧਨੀ ਹੋ ਕੇ ਐਸ਼ ਵਿੱਚ ਪੈਣਗੇ, ਐਸ਼ ਤੋਂ ਨਿਰਬਲ ਹੋ ਜਾਣਗੇ, ਨਿਰਬਲ ਹੋ ਕੇ ਫੇਰ ਮਨ ਆਸਤਕ ਤੇ ਮੁਰਦਾ ਹੋ ਕੇ ਸਰੀਰ, ਮਨ ਤੇ ਆਤਮਾ ਦਾ ਬਲ ਖੀਨ ਹੋ ਜਾਵੇਗਾ । ਇਸ ਲਈ ਨਿਰਾ ਹੰਕਾਰੀ ਸੂਰਮਾ ਆਦਰਸ਼ਿਕ ਸੂਰਮਾ ਨਹੀਂ ਹੈ ।" ਇਨ੍ਹਾਂ ਵਿਚਾਰਾਂ ਦੀ ਅਭਿਵਿਅੰਜਨਾ ਕਾਵਿ ਰੂਪ ਵਿੱਚ ਵੀ ਮਿਲਦੀ ਹੈ :

ਸੁਰਤਿ ਇਕੱਲੀ ਨਾਂਹ ਕਦੀ, ਹੰਕਾਰ ਸਦਾ ਇੱਕਲਾ, ਇਹੋ ਨਿਸ਼ਾਨੀ,
ਇਹੋ ਫਰਕ ਸੁਰਤਿ ਨੂੰ ਸੰਭਾਲਦੇ ਰੱਬ ਪਿਆਰੇ,
ਅਣਡਿਠੇ ਦੇ ਵਿੱਚ ਰਹਿਣ ....
ਸੁਰਤਿ ਕਦੀ ਇੱਕਲੀ ਨਾਂਹ,
ਇਹ ਭੇਦ ਜਾਨਣਾ, ਸੁਰਤਿ ਰੱਬ ਦੀ ਜੋਤ ਇਨਸਾਨ ਵਿੱਚ,
ਹੰਕਾਰ ਭੈੜਾ, ਹੈਵਾਨ ਜੰਗਲੀ .....
ਹੰਕਾਰ ਨੂੰ ਜਗਾਣਾ ਹੈ ਕਮਜ਼ੋਰ ਕਰਨਾ ਬਲਵਾਨ ਨੂੰ .....
ਪਰ ਸੁਰਤਿ ਚੀਜ ਰੱਬੀ, ਹੰਕਾਰ ਮਾਦੇ ਦੀ ਉਭਰਵੀਂ ਹਾਲਤ ਜਿਹੀ ।

– ਸੁਰਤਿ ਤੇ ਹੰਕਾਰ

ਦਰਅਸਲ ਸਿੱਖ ਸਿਧਾਂਤ ਹਉਮੈ ਨੂੰ ਮਾਰਨ ਦੀ ਅਗਵਾਈ ਨਹੀਂ ਕਰਦਾ ਸਗੋਂ ਹਉਂ ਨੂੰ ਸੁਰਤਿ ਵਸ ਰੱਖਣ ਦੀ ਹਿਦਾਇਤ ਕਰਦਾ ਹੈ :

ਹਉਮੈ ਦੀਰਘ ਰੋਗ ਹੈ,
ਦਾਰੂ ਭੀ ਇਸ ਮਾਹਿ । — ਆਸਾ ਮ. 1

ਪੂਰਨ ਸਿੰਘ ਇਸ ਸਿਧਾਂਤ ਦੀ ਪ੍ਰੋੜ੍ਹਤਾ ਆਪਣੀ ਕਾਵਿ-ਕ੍ਰਿਤ ਦੀ ਭੂਮਿਕਾ ਵਿੱਚ ਕਰਦਾ ਹੈ :

ਮੈਂ ਢਾਢੀ ਉਚੇ ਆਲੀਸ਼ਾਨ,
ਗੁਰੂ ਨਾਨਕ ਕਰਤਾਰ ਦਾ
ਅੱਜ ਮੇਰਾ ਗੀਤ ਸਿੱਖ "ਅਮੈਂ" ਨੂੰ ਗਾਉਂਦਾ ।

ਇਸ ਸੰਗ੍ਰਹਿ ਦੀ ਇਕ ਹੋਰ ਉਤਮ ਕਾਵਿ ਰਚਨਾ 'ਗੁਰੂ ਅਵਤਾਰ ਸੁਰਤਿ' ਹੈ । ਇਸ ਕਵਿਤਾ ਵਿੱਚ 'ਸੁਰਤਿ' ਦੇ ਵੱਖ ਵੱਖ ਰੂਪਾਂ ਦਾ ਬਿਆਨ ਮਿਲਦਾ ਹੈ । ਸਿੱਖ ਸੁਰਤਿ, ਗੁਰੂ ਅਵਤਾਰ ਸੁਰਤਿ ਅਤੇ ਜਰਨੈਲੀ ਸੁਰਤਿ ਦੇ ਭੇਦ ਨੂੰ ਦਰਸਾਇਆ ਗਿਆ ਹੈ । ਸਿੱਖ-ਸੁਰਤਿ ਇਕ ਬੱਚੇ ਦੀ ਨਿਆਈਂ ਹੈ ਜਿਸ ਨੂੰ ਗੁਰੂ-ਸੁਰਤਿ ਹਮੇਸ਼ਾ ਪਾਲਦੀ ਰਹਿੰਦੀ ਹੈ । ਜੇਕਰ ਗੁਰੂ-ਸੁਰਤਿ ਦੀ ਟੇਕ ਨਾ ਹੋਵੇ ਤਾਂ ਸਿੱਖ ਸੁਰਤਿ ਆਪਣੀ ਬੁਲੰਦੀ ਤੇਕਾਇਮ ਨਹੀਂ ਰਹਿ ਸਕਦੀ । ਸਿੱਖ ਇਤਿਹਾਸ ਵਿੱਚ ਅਜੇਹੀਆਂ ਕਈ ਘਟਨਾਵਾਂ ਵਾਪਰਦੀਆਂ ਹਨ ਜਦੋਂ ਗੁਰੂ ਸੁਰਤਿ ਸਿੱਖ-ਸੁਰਤਿ ਦੀ ਅਗਵਾਈ ਲਈ ਆ ਬਹੁੜਦੀ ਹੈ ਅਤੇ ਸਿੱਖ ਨੂੰ ਢਹਿੰਦੀਆਂ ਕਲਾਂ ਤੋਂ ਬਚਾ ਲੈਂਦੀ ਹੈ । ਸੁਰਤਿ ਮਨੁੱਖੀ ਵੰਗਾਰ ਨੂੰ ਵੀ ਸਵੀਕਾਰਦੀ ਹੈ । ਹੇਠਲੀਆਂ ਟੂਕਾਂ ਤੋਂ ਸੁਰਤਿ ਦੀ ਜਾਗਰਤਾ ਅਤੇ ਸੰਵੇਦਨਸ਼ੀਲਤਾ ਦਾ ਅਹਿਸਾਸ ਹੋ ਜਾਂਦਾ ਹੈ :

1. ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸੱਦੇ ਤੇ ਭਾਈ ਜੋਗਾ ਸਿੰਘ ਪੇਸ਼ਾਵਰ ਤੋਂ ਆਪਣੇ ਵਿਆਹ ਦੀਆਂ ਲਾਵਾਂ ਵਿੱਚੋਂ ਛੱਡ ਕੇ ਆਨੰਦਪੁਰ ਵੱਲ ਰਵਾਨਾ ਹੋ ਪੈਂਦਾ ਹੈ । ਹੁਸ਼ਿਆਰਪੁਰ ਵਿੱਚ ਰਾਤ ਰਹਿਣ ਵੇਲੇ ਸੁਰਤਿ ਡੋਲ ਜਾਣ ਕਾਰਨ ਵੇਸਵਾ ਦੇ ਦਵਾਰ ਤੇ ਪਹੁੰਚ ਜਾਂਦਾ ਹੈ । ਆਨੰਦਪੁਰ ਦਾ ਵਾਸੀ ਆਪਣੇ ਸਿੱਖ ਦੀ ਸੁਰਤਿ ਨੂੰ ਕਾਇਮ ਕਰਨ ਲਈ ਪਹਿਰੇਦਾਰ ਦੇ ਰੂਪ ਵਿੱਚ ਹਾਜ਼ਰ ਹੁੰਦਾ ਹੈ ।
2. "ਆਨੰਦਪੁਰ ਦੇ ਕਿਲੇ ਦੇ ਘੇਰੇ ਸਮੇਂ ਮਾਝੇ ਦੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਚਲੇ ਜਾਂਦੇ ਹਨ । ਜਦੋ ਉਨ੍ਹਾਂ ਦੀਆਂ ਘਰ ਵਾਲੀਆਂ ਅੱਗੋਂ ਤਾਹਨੇ ਮਿਹਣੇ ਦੇਂਦੀਆਂ ਹਨ ਤਾਂ ਸਿੱਖਾਂ ਦੀ ਸੁਰਤਿ ਨੂੰ ਮੁੜ ਹੁਲਾਰ ਆਉਂਦਾ ਹੈ ਅਤੇ ਉਹ ਮੁਕਤਸਰ ਦੇ ਮੈਦਾਨ ਵਿੱਚ ਸ਼ਹੀਦੀ ਪ੍ਰਾਪਤ ਕਰਦੇ ਹਨ ।"

ਹੇਠ ਦਿੱਤੀਆਂ ਟੂਕਾਂ ਸਿੱਖ-ਸੁਰਤਿ ਅਤੇ ਗੁਰੂ ਅਵਤਾਰ-ਸੁਰਤਿ ਵਿਚਕਾਰ ਸਮੀਕਰਣ ਪੇਸ਼ ਕਰਦੀਆਂ ਹਨ :

'ਸਿੱਖ ਸੁਰਤਿ'

ਜੇ ਸਿਰ 'ਤੇ ਗੁਰੂ ਖੜਾ ਹੈ ਸੂਰਮਾ,
ਸਿਦਕ ਦੀ ਮਿੱਠੀ ਨੀਂਦਰ ਸੈਣਾਂ ਬੱਸ ਕਮਾਲ ਹੈ ।
ਝੋਲ ਰੱਬ ਅੱਡਦਾ, ਬੱਚੇ ਨੂੰ ਪਿਆਰਦਾ,
ਇਹ ਬਾਲ-ਸੁਰਤਿ ਦੁੱਧ ਆਪਣੀ ਛਾਤੀਓਂ ਪਿਲਾ, ਪਿਲਾ, ਪਾਲਦਾ,
ਸੁਰਤਿ ਪੱਲਦੀ ਸਦੀਆਂ ਲੰਮਾਂ, ਗੁਰੂ-ਪਿਆਰ, ਖਾ, ਖਾ
ਨਿਰੀ ਗੀਤ ਦੀ ਫੁੰਕਾਰ ਕੀ ਸੰਵਾਰਦੀ ?

'ਗੁਰੂ ਅਵਤਾਰ ਸੁਰਤਿ'

ਸੂਰਜ ਜੇ ਅੱਖ ਨੂਟੈ,
ਜਗਤ ਮਰਦਾ, ਜੀਵਨ-ਆਸ ਟੁੱਟਦੀ,
ਗੁਰੂ-ਅਵਤਾਰ ਸੁਰਤਿ ਸੂਰਜਾਂ ਦਾ ਸੂਰਜ,
ਸਹੰਸਰ ਨੈਣਾਂ ਬਲਦੀਆਂ;
ਦਿਨ ਰਾਤ ਸੂਰਜ ਨੈਣਾਂ ਤੱਕਦੀਆਂ ।
ਮਨੁੱਖ ਸੁਰਤਿ ਜੀਵਦੀ, ਤੱਕ ਤੱਕ ਕੇ, ਕੰਵਲ-ਨੈਣਾਂ,
ਸੂਰਜ-ਨੈਣਾਂ ਸਦਾ ਸਦਾ ਗੱਡੀਆਂ ।

ਪੂਰਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ "ਸਵਾ ਲੱਖ ਨਾਲ ਇਕ ਲੜਾਉਣ" ਦਾ ਵੀ ਸਪੱਸ਼ਟੀਕਰਨ ਕੀਤਾ ਹੈ । ਦਰਅਸਲ ਇਹ ਲੜਾਈ ਸੁਰਤਿ ਦੀ ਲੜਾਈ ਹੈ । ਹਾਰ-ਜਿਤ ਵੀ ਸੁਰਤਿ ਦੀ ਹੀ ਹੁੰਦੀ ਹੈ । ਉਹ ਸਿੱਖ-ਸੁਰਤਿ ਨੂੰ ਗੁਰੂ ਅਵਤਾਰ ਦੀ ਜਰਨੈਲੀ ਸੁਰਤਿ ਅਧੀਨ ਕੰਮ ਕਰ ਰਹੀ ਦਸਦੇ ਹਨ :

'ਸੁਰਤਿ'

ਸੁਰਤਿ ਇਕੱਲੀ ਨਾ, ਸੁਰਤਿ ਇਕ ਭਾਰੀ ਫੌਜ ਹੈ,
ਫੌਜਾਂ ਵਾਲਾ ਪਿੱਛੇ, ਪਿਛੇ, ਸੁਰਤਿ ਇਕ ਨਾਂਹ,
ਤਾਹੀਂ ਬਾਬਾ ਆਖਦਾ;
"ਇਕ ਨਹੀਂ, ਸਵਾ, ਸਵਾ ਲੱਖ ਹੈ,
ਇਹ ਸੱਚਾ ਬਲ ਹੈ ਸੁਰਤਿ ਦਾ,
ਇਹ ਕਦੀ ਨਾ ਡੋਲਦਾ ।"

'ਜਰਨੈਲੀ ਸੁਰਤਿ'

ਫੌਜਾਂ ਹੁਕਮ ਲੈਣ, ਦੇ ਨਾਂਹ ਸਕਦੀਆਂ,
ਜਰਨੈਲ ਸੁਰਤਿ ਦੱਸਦੀ ?
ਖ਼ਬਤ ਸਾਰੀ ਵਾਲੀ, ਹੁਕਮ ਸਾਰੇ ਵਾਲੀ,
ਸੁਰਤਿ ਗੁਰੂ ਅਵਤਾਰ ਦੀ,
ਇਹ ਸਹੰਸਰ ਨੈਣੀ, ਸਹੰਸਰ ਬਾਹੂਈ,
ਮਿਹਰਾਂ ਨਾਲ, ਸਿੱਖ ਸੁਰਤਿ ਪਾਲਦੀ ।
ਸੁੱਤਾ ਹੋਵੇ ਸਿੱਖ, ਗੁਰੂ ਜਾਗਦਾ,
ਭੁੱਲਾ ਹੋਵੇ ਸਿੱਖ, ਗੁਰੂ ਵੜ ਦਿਲ ਉਹਦੇ, ਸਿੱਖ-ਪ੍ਰਾਣ ਕੱਸਦਾ ।

ਸਿੱਖ ਸੁਰਤਿ ਅਤੇ ਗੁਰੂ ਸੁਰਤਿ ਦਾ ਸੁਮੇਲ ਵੀ ਗੁਰਬਾਣੀ ਦੇ ਸਿੱਧਾਂਤ ਅਨੁਸਾਰ ਦਰਸਾਇਆ ਹੈ :

'ਸੁਰਤਿ ਸੁਮੇਲ'

ਸੱਚ ਹੈ ਪੱਕ, ਪੱਕ, ਸਿੱਖ-ਸੁਰਤਿ ਗੁਰੂ ਸੁਰਤਿ ਹੋਂਵਦੀ,
ਵਾਹ ਵਾਹ ਗੁਰੂ ਗੋਬਿੰਦ ਸਿੰਘ, ਆਪੇ ਗੁਰੂ ਚੇਲਾ ।

ਪੂਰਨ ਸਿੰਘ ਨੇ ਸਾਡੇ ਪੁਰਾਤਨ ਹਿੰਦੂ ਧਰਮ ਉਪਰ ਟੀਕਾ-ਟਿੱਪਣੀ ਕੀਤੀ ਹੈ ਕਿਉਂਕਿ ਇਹ ਮਨੁੱਖੀ ਸੁਰਤਿ ਨੂੰ ਫਲਸਫੇ ਦੀ ਕੈਦ ਵਿੱਚ ਜਕੜ ਦਿੰਦਾ ਹੈ :

ਉਪਨਿਖਦਾਂ ਦੀ ਬ੍ਰਹਮ-ਵਿਦਿਆ ਨੂੰ ਪ੍ਰਣਾਮ ਸਾਡਾ,
ਬ੍ਰਹਮ-ਸੱਤਾ ਸਾਰੀ,
ਗੁਰੂ-ਅਵਤਾਰ ਦੀ ਸੁਰਤਿ ਮੂਰਤੀ,
ਉਥੋਂ ਦਿਵਯ ਵਿਦਿਆ ਮਨੁੱਖ ਮਨ ਵੱਲ ਕਰ ਰੁੱਖ ਟੁਰੀ ਹੈ,
ਉਸ ਵੇਲੇ ਮਨੁੱਖ ਸੁਰਤਿ, ਅਨੰਤ ਅਸਚਰਜ ਨਾਲ ਭਰ ਉਠੀ
ਕਿਸੇ ਅਕਹਿ ਖੇੜੇ, ਆਵੇਸ਼ ਦਾ ਭਾਗ ਸਾਰਾ ਆਗਮਨ ਹੈ,
ਉਸ ਨੂੰ ਫਲਸਫਾ ਬਣਾਉਣਾ ਗੀਤਾ ਦੀ ਭੁੱਲ ਹੈ,
ਇਹ ਭੁੱਲ ਆਖਰ ਹੁਣ ਜਾ ਵਜੱਦੀ ਬੁੱਢੇ ਉਪਨਿਖਦ ਦੇ ਸਿਰ 'ਤੇ ।

— ਗੁਰੂ ਅਵਤਾਰ ਸੁਰਤਿ

ਪੂਰਨ ਸਿੰਘ ਦੇ ਸ਼ਬਦਾਂ ਵਿੱਚ ਸੈਕਸ਼ਪੀਅਰ ਦੀ ਰਚਨਾ ਥੋਥੀ ਹੈ । ਕਿਉਂਕਿ ਇਹ ਮਹਾਨ ਨਾਟਕਕਾਰ ਹਉਂ ਦੇ ਬੰਧਨਾਂ ਵਿੱਚੋਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਸਕਿਆ । ਇਸ ਦੀ ਰਚਨਾ ਵਿੱਚ ਸੁਰਤਿ ਦਾ ਝਲਕਾਰਾ ਨਹੀਂ ਵੱਜਦਾ । ਪੂਰਨ ਸਿੰਘ ਕਾਲੀਦਾਸ ਅਤੇ ਸੈਕਸ਼ਪੀਅਰ ਬਾਰੇ ਲਿਖਦਾ ਹੈ : "ਕਾਲੀ ਦਾਸ ਅਤੇ ਸ਼ੈਕਸਪੀਅਰ ਆਦਿ ਸਭ

ਇਕ ਸਕੂਲ ਦੇ ਮੁੰਡੇ ਹਨ ਜਿਹੜੇ ਆਪਣੇ ਇਸ ਯਤਨ ਵਿੱਚ ਹਨ ਕਿ ਕਿਸੀ ਤਰ੍ਹਾਂ ਕਵਿਤਾ ਦੇ ਰੱਬੀ ਰੰਗ ਤੱਕ ਪਹੁੰਚ ਸਕੀਏ"। ਪਰ ਇਟਲੀ ਦੇ ਡੈਂਟੇ ਨੂੰ ਉਹ ਧਿਆਨੀ ਕਵੀ ਕਹਿੰਦਾ ਹੈ ਕਿਉਂਕਿ ਉਸ ਦੀ ਪਾਤਰ ਬਿਟਰੀਸ ਸੁਰਤਿ ਦੀ ਕਿਸੇ ਉਪਰਲੀ ਅਵਸਥਾ ਵਿੱਚ ਵਿਚਰਦੀ ਹੈ ।

ਪ੍ਰੋ. ਪੂਰਨ ਸਿੰਘ ਨੇ ਸੁਰਤਿ ਅਤੇ ਸਿੱਦਕ ਵਿਚਲਾ ਸਬੰਧ ਵੀ ਦੱਸਿਆ ਹੈ :

'ਸੁਰਤਿ ਤੇ ਸਿਦਕ'

ਸੁਰਤਿ ਦਾ ਜਨਮ ਸਿਦਕ ਵਿੱਚ,
ਜਿਥੇ ਰੱਬ ਹੀ ਰੱਬ ਕੁਲ ਚਾਨਣਾ,
ਮਾਦਾ ਉਥੇ ਸਦਾ ਦੀ 'ਨਹੀਂ' ਹੈ !

ਸਿੱਖ ਸੁਰਤਿ ਦੀ ਘਾੜਤ ਸਿਦਕ ਤੋਂ ਬਗੈਰ ਹੋ ਹੀ ਨਹੀਂ ਸਕਦੀ :

'ਸੁਰਤਿ ਦੀ ਪਾਲਣਾ'

ਫਿਰ ਸਿਦਕ ਕਣੀ ਕਣੀ ਬੱਝਦਾ, ਕਣੀ, ਕਣੀ ਵੱਧਦਾ,
ਕਈ ਵੇਰੀ ਨਵਾਂ ਅੰਗੂਰਿਆ ਸੜਦਾ,
ਮੁੜ ਬੀਜ ਦਾ ਗੁਰੂ ਮਿਹਰ ਕਰ, ਮੁੜ ਅੰਗੂਰਦਾ,
ਸਦੀਆਂ ਦੀ ਖੇਡ ਲੱਗੀ,
ਗੁਰੂ ਕਿਰਤ ਉਨਰ ਹੈ !
ਸਦੀਆਂ ਲੰਘਦੀਆਂ, ਦੌਰ ਲੰਘਦੇ,
ਇਕ ਪੂਰੀ ਸਿੱਖ-ਸੁਰਤਿ ਬਣਾਨ ਨੂੰ ।

— ਗੁਰੂ ਅਵਤਾਰ ਸੁਰਤਿ

ਪੂਰਨ ਸਿੰਘ ਦੇ ਸ਼ਬਦਾਂ ਵਿੱਚ ਧਰਮ ਨਿਰਾ ਰਹੁ ਰੀਤ ਦਾ ਵਖੇਵਾਂ ਹੀ ਨਹੀਂ । ਜੇਕਰ ਧਰਮ ਨਿਰਾ ਰਹੁ-ਰੀਤ ਹੀ ਬਣ ਜਾਵੇ ਤਾਂ ਇਸ ਵਿੱਚੋਂ ਸੁਰਤਿ ਅਲੋਪ ਹੋ ਜਾਂਦੀ ਹੈ ਅਤੇ ਇਹ ਬੁੱਤ ਪੂਜਾ ਹੀ ਰਹਿ ਜਾਂਦੀ ਹੈ :

ਧਰਮ, ਕਰਮ, ਸਾਧਨ, ਤਪ,
ਦਾਨ, ਇਸ਼ਨਾਨ, ਰਾਗ ਰੰਗ,
ਨਾਚ, ਮੁਜਰਾ, ਨਟੀ, ਨਾਟਕ,
ਚਿੱਤਰਕਾਰੀ, ਗਾਇਣ,
ਬੁੱਤ-ਪੂਜਾ, ਰੇਖਾਂ ਨੂੰ ਪਰਖਣਾ,
ਮੱਥਿਆ ਨੂੰ ਜੋਖਨਾ,
ਆਰਟ, ਯੋਗ, ਫਲਸਫਾ; .....
ਇਹ ਸਭ ਵਸਤੂ ਹਨ,
ਨਹੀਂ, ਸਾਮਿਗਰੀ ।

— ਰੱਬ ਨੂੰ ਔਕੜ ਬਣੀ ਆਣ ਇਕ ਦਿਨ

"ਗੁਰੂ ਸੁਰਤਿ ਦਾ ਭੇਦ" :

ਇਉਂ ਤਾਂ ਅੱਜ ਗੁਰੂ ਗ੍ਰੰਥ ਘਰ ਘਰ ਬਿਰਾਜਦਾ,
ਪਰ ਵਿਰਲਾ ਕੋਈ ਜਾਣਦਾ, ਗੁਰੂ-ਸੁਰਤਿ ਕਿਥੇ ਬੋਲਦੀ,
ਗੁਰੂ ਗ੍ਰੰਥ ਕਿੰਜ ਘੁੰਡ ਚੁਕਦਾ,
ਪੀਰਾਂ ਦੇ, ਫਕੀਰਾਂ ਦੇ, ਪੈਗ਼ੰਬਰਾਂ ਦੇ, ਰਿਸ਼ੀਆਂ ਦੇ, ਅਵਤਾਰਾਂ ਦੇ;
ਤੇ ਕਿੰਜ ਖੋਲਦਾ ਆਤਮਾ-ਸੁਰਤਿ ਭੇਤ ਨੂੰ ।

— ਗੁਰੂ ਅਵਤਾਰ ਸੁਰਤਿ

ਪੂਰਨ ਸਿੰਘ ਦੇ ਸ਼ਬਦਾਂ ਵਿੱਚ ਸਿੱਖ ਇਤਿਹਾਸ[8] ਕੇਵਲ ਸੁਰਤਿ ਦੀ ਚੜ੍ਹਦੀ ਕਲਾ ਵਿੱਚ ਹੀ ਬਿਆਨ ਹੋ ਸਕਦਾ ਹੈ। ਘਟਨਾਵਾਂ ਦਾ ਵਰਨਣ ਸਿੱਖ ਇਤਿਹਾਸ ਨਹੀਂ ਹੋ ਸਕਦਾ :

ਇਤਿਹਾਸ ਕੂੜ ਸਦਾ ਸਾਰਾ, ਸਭ ਗੱਲ ਬਾਹਰ, ਬਾਹਰ ਦੀ,
ਗੁਰ ਸਿੱਖੀ ਵਿੱਚ ਜਿਹੜੀ ਅੰਦਰ ਦੀ ਗੱਲ ਉਹ ਸਾਫ਼ ਨਾਂਹ ਉਹਦੇ ਸਾਹਮਣੇ ।

ਪੰਜਾਬ ਵਿੱਚ ਸਿੱਖ-ਸੁਰਤਿ ਨੂੰ ਜੋ ਜਾਗ ਗੁਰੂਆਂ ਨੇ ਆਪਣਾ ਜੀਅ-ਦਾਨ ਦੇ ਕੇ ਲਗਾਈ ਉਸ ਦੀ ਅਭਿਵਿਅਕਤੀ ਸਿੱਖ ਇਤਿਹਾਸ ਵਿੱਚ ਹੋਈ । ਸਤ੍ਹਾਰਵੀਂ ਸਦੀ ਦੇ ਭਾਰਤ ਦੇ ਇਤਿਹਾਸ ਵਿੱਚ ਜੋ ਘਾਲਣਾ ਸਿੱਖ-ਯੋਧਿਆਂ ਦੀ ਹੈ ਉਸ ਭਾਰਤ ਦੀ ਮੁਰਝਾਈ ਹੋਈ ਸੁਰਤਿ ਨੂੰ ਫਿਰ ਜੀਵਿਤ ਕੀਤਾ :

ਇਹ ਭੇਦ ਸਿੱਖ-ਆਵੇਸ਼ ਦਾ,
ਸਿੱਖ-ਇਤਿਹਾਸ ਦਾ,
ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਅਕਾਲੀ ਬਾਣੀ ਦਾ,
ਇਹ ਦਰਸ਼ਨ ਗੁਰ ਅਵਤਾਰ ਸੁਰਤਿ ਦਾ

— ਗੁਰੂ ਅਵਤਾਰ ਸੁਰਤਿ

ਪੂਰਨ ਸਿੰਘ ਬਾਰੇ ਨਿਰਣੇ ਤੋਂ ਪਹਿਲਾਂ ਇਹ ਚੇਤਾਵਨੀ ਕਰਾ ਦੇਣੀ ਯੋਗ ਹੈ ਕਿ ਉਸ ਦੇ ਪੰਜਾਬੀ ਕਾਵਿ ਦੀ ਰੂਹ ਨੂੰ ਪਕੜਣ ਲਈ ਉਸ ਦੀ ਅੰਗਰੇਜ਼ੀ ਭਾਸ਼ਾ ਵਿੱਚ ਕੀਤੀ ਸਾਹਿੱਤ-ਰਚਨਾ ਨੂੰ ਵਾਚ ਲੈਣਾ ਅਤੀ ਜਰੂਰੀ ਹੈ । ਇਸ ਤੋਂ ਬਗੈਰ ਪੰਜਾਬੀ ਆਲੋਚਕ ਹਮੇਸ਼ਾਂ ਟਪਲਾ ਖਾਂਦਾ ਰਹੇਗਾ । ਇਹੋ ਕਾਰਨ ਹੈ ਕਿ ਪੰਜਾਬੀ ਆਲੋਚਕ ਉਸ ਨੂੰ ਕਦੇ ਕੁਦਰਤ ਦਾ ਕਵੀ ਅਤੇ ਕਦੇ ਪੰਜਾਬੀਅਤ ਦਾ ਕਵੀ ਕਹਿੰਦਾ ਹੈ । ਮੇਰੇ ਖਿਆਲ ਵਿੱਚ ਉਹ ਕੁਦਰਤ ਨਾਲੋਂ ਕਾਦਰ ਦਾ ਵਧੇਰੇ ਸ਼ੈਦਾਈ ਹੈ :

ਉਹਨੂੰ ਦੇਖ ਮੇਰੇ ਉਹ ਕੁਮਿਹਾਰ ਯਾਦ ਆਇਆ,
ਜਿਸ ਇਹ ਹੱਸਦਾ ਬਰਤਨ ਬਣਾਇਆ ।

— ਕੁਮਿਹਾਰ ਤੇ ਕੁਮਿਹਾਰਨ

ਪੰਜਾਬੀਅਤ ਦੀ ਹੂਕ ਵਿੱਚ ਵੀ ਪੂਰਨ ਸਿੰਘ ਦਰਅਸਲ ਸਿੱਖ ਅਧਿਆਤਮਿਕ ਚੇਤਨਤਾ ਦਾ ਹੀ ਸੂਖਮ ਪ੍ਰਗਟਾਵਾ ਕਰ ਰਿਹਾ ਹੁੰਦਾ ਹੈ । ਉਸ ਨੇ ਆਪਣੀਆਂ ਕ੍ਰਿਤਾਂ 'ਸਪਿਰਟ ਬਾਰਨ ਪੀਪਲ' ਅਤੇ 'ਸਪਿਰਟ ਆਫ ਦੀ ਸਿੱਖ' ਵਿੱਚ ਸਿੱਖ ਇਤਿਹਾਸ, ਫਲਸਫੇ, ਸੰਸਕ੍ਰਿਤੀ, ਆਰਟ, ਸਿੱਖ ਅਧਿਆਤਮਿਕ ਚੇਤਨਤਾ, ਨਾਮ ਤੇ ਸਿਮਰਨ, ਰਾਜਨੀਤੀ ਅਤੇ ਖਾਲਸਾਵਾਦ ਦਾ ਪੂਰਨ ਵਿਵੇਚਨ ਕੀਤਾ ਹੈ । ਇਸ ਦੇ ਮੁਕਾਬਲੇ ਭਾਰਤੀ ਫਲਸਫੇ, ਲੋਕਰਾਜ, ਸਮਾਜਵਾਦ, ਧਰਮ-ਨਿਰਪੇਖਤਾ ਅਤੇ ਦੇਸ਼ ਭਗਤੀ ਉਪਰ ਜੋਰਦਾਰ ਸ਼ਬਦਾਂ ਵਿੱਚ ਕਟਾਖਸ਼ ਕੀਤਾ ਗਿਆ ਹੈ । ਉਸ ਨੂੰ ਪੰਜਾਬ ਦਾ ਚੱਪਾ ਚੱਪਾ ਗੁਰੂ ਤੋਂ ਵਰੋਸਾਇਆ ਜਾਪਦਾ ਹੈ । ਹੇਠਲੀਆਂ ਟੂਕਾਂ ਪੂਰਨ ਸਿੰਘ ਦੇ ਪੰਜਾਬੀ ਪਿਆਰ ਸਬੰਧੀ ਅੰਤਰੀਵੀ ਭਾਵਾਂ ਦੀ ਸਹੀ ਤਰਜਮਾਨੀ ਕਰਦੀਆਂ ਹਨ :

1. ਆ ਪੰਜਾਬ-ਪਿਆਰ ਤੂੰ ਮੁੜ ਆ !
   ਆ ਸਿੱਖ-ਪੰਜਾਬ ਤੂੰ ਘਰ ਆ !

— ਪੰਜਾਬ ਨੂੰ ਕੂਕਾਂ ਮੈਂ

2. ਖਾੜ ਖਾੜ ਚਲਣ ਮੇਰੇ ਸੁਫ਼ਨਿਆਂ,
   ਪੰਜਾਬ ਦੇ ਦਰਿਆ,
   ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
   ਪਿਆਰਾ ਜਪੁ ਸਾਹਿਬ ਗਾਉਂਦੇ ਠੰਡੇ ਤੇ ਠਾਰਦੇ, ਪਿਆਰਦੇ ।

— ਪੰਜਾਬ ਦੇ ਦਰਿਆ

3. ਇਥੇ ਬਾਬੇ ਦੇ ਸ਼ਬਦ ਨੇ ਪੱਥਰਾਂ ਨੂੰ ਪਿਘਾਲਿਆ,
   ਮਰਦਾਨੇ ਦੀ ਰਬਾਬ ਵੱਜੀ ਪਰਬਤਾਂ ਸਲਾਮ ਕੀਤਾ,

ਬੂਟਾ ਬੂਟਾ ਵਜਦ ਵਿੱਚ ਨੱਚਿਆ,
ਪੰਜਾਬ ਦੀ ਮਿੱਟੀ ਦਾ ਜ਼ੱਰਾ ਜ਼ੱਰਾ ਕੰਬਿਆ ਪਿਆਰ ਵਿੱਚ ।

— ਪੰਜਾਬ ਦੀ ਅਹੀਰਨ ਇਕ ਗੋਹੇ ਥੱਪਦੀ

4. ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ ।

— ਜਵਾਨ ਪੰਜਾਬ ਦੇ

ਪੂਰਨ ਸਿੰਘ ਇਕ ਅਥਾਹ ਸਮੁੰਦਰ ਹੈ ਜਿਸ ਦੀ ਗਹਿਰਾਈ ਤੱਕ ਪਹੁੰਚਣਾ ਮੇਰੀ ਸਮਰੱਥਾ ਤੋਂ ਬਾਹਰ ਜਾਪਿਆ ਹੈ । ਪਰੰਤੂ ਇਹ ਮੇਰਾ ਯਕੀਨ ਹੈ ਕਿ ਜੇਕਰ ਭਾਈ ਗੁਰਦਾਸ ਦੀ ਰਚਨਾ ਨੂੰ ਅਸੀਂ ਗੁਰਬਾਣੀ ਦੀ ਕੁੰਜੀ ਮੰਨਦੇ ਹਾਂ ਤਾਂ ਪੂਰਨ ਸਿੰਘ ਦੀ ਕ੍ਰਿਤ ਨੂੰ ਸਿੱਖ ਸੁਰਤਿ ਜਾਂ ਅਧਿਆਤਮਿਕ ਚੇਤਨਤਾ ਦੀ ਪੁਨਰ-ਵਿਆਖਿਆ ਮੰਨ ਲੈਣ ਤੋਂ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ।

ਹਵਾਲੇ-ਟਿਪੱਣੀਆਂ

1. 'ਪ੍ਰੋ. ਪੂਰਨ ਸਿੰਘ-ਇਕ ਸ਼ਰਧਾਂਜਲੀ', ਪੰਜਾਬੀ ਯੂਨੀਵਰਸਿਟੀ, ਪਟਿਆਲਾ (1978) ਪੰਨਾ, 171, 176.
2. ਡਾ ਮਹਿੰਦਰ ਸਿੰਘ ਰੰਧਾਵਾ (ਸੰਪਾ.) 'ਪੂਰਨ ਸਿੰਘ : ਜੀਵਨੀ ਤੇ ਕਵਿਤਾ', ਸਾਹਿੱਤ ਅਕਾਦਮੀ, ਦਿੱਲੀ (1965), ਪੰਨਾ 15
3. 'ਨਿਰਾ ਨੂਰ ਤੁਸੀਂ ਹੱਥ ਨਾ ਆਏ
ਮੇਰੀ ਕੰਬਦੀ ਰਹੀ ਕਲਾਈ' ਭਾਈ ਵੀਰ ਸਿੰਘ (ਕੰਬਦੀ ਕਲਾਈ ਵਿੱਚੋਂ)
4. ਡਾ. ਮਹਿੰਦਰ ਸਿੰਘ ਰੰਧਾਵਾ (ਸੰਪਾ.) 'ਪੂਰਨ ਸਿੰਘ : ਜੀਵਨੀ ਤੇ ਕਵਿਤਾ', ਸਾਹਿੱਤ ਅਕਾਦਮੀ, ਦਿੱਲੀ (1965) ਮੁਖ ਬੰਦ 'ਖੁਲੇ ਘੁੰਡ'
5. "ਹੀਰ ਤੇ ਰਾਂਝਾ" (ਖੁਲੇ ਮੈਦਾਨ ਵਿੱਚੋਂ) ਪੰਨਾ 215
6. 'ਸਪਿਰਟ ਬਾਰਨ ਪੀਪਲ', ਪੰਜਾਬੀ ਯੂਨੀਵਰਸਿਟੀ, ਪਟਿਆਲਾ (1976), ਪੰਨਾ 81
7. 'ਸਪਿਰਟ ਆਫ ਓਰੀਐਂਟਲ ਪੋਇਟਰੀ', ਪੰਨਾ 23
8. 'ਸਪਿਰਟ ਬਾਰਨ ਪੀਪਲ', ਪੰਜਾਬੀ ਯੂਨੀਵਰਸਿਟੀ, ਪਟਿਆਲਾ (1976), ਪੰਨਾ 86.